
FARM AND SPICE
ਧਨੀਆ
Cilantro
79¢ each
Open 7 Days a Week
8.30 am to 9.00 pm
SPECIAL OFFERS: 23-29 FEB
Daily Specials on
ਐਂਬ੍ਰੋਸੀਆ ਸੇਬ
Ambrosia Apple
99¢ /lb
ਲਾਲ ਸੇਬ
Red Delicious Apple
99¢ /lb
ਹਰੇ/ਪੀਲੇ ਨਿੰਬੂ
Lime/Lemon
2 for $1.00
ਲਸਣ
Garlic
69¢ 3s
ਘੀਆ
Opo Long
$1.49 /lb
ਗਾਲਾ ਬੀ ਸੀ ਸੇਬ
Gala BC Apple
99¢ /lb
ਮੈਂਡਰੀਨ
Mandarin
$1.49 /lb
ਸੰਤਰਾ ਵਡਾ
Orange Large
$1.49 /lb
ਆਵੋਕਾਡੋ
Avocado
99¢ each
ਅਦਰਕ
Ginger
$1.99 /lb
ਸੈਲਰੀ
Celery
$1.99 each
ਅੰਜੋ ਪੀਅਰਜ਼
Anjo Pears
$1.49 /lb
ਸਰੋਂ ਦਾ ਤੇਲ
Gagan
Mustard Oil
250ml
$1.49 each
ਐਸੋਟਿਡ ਕੁਕੀਜ਼
Toasted tradition
Assorted Cookies
1.5 vlb
$5.99 each
ਮੈਂਗੋ ਜੂਸ
ITN
Mango Juice
1.5Ltr
$2.99 each
ਰੂਹ ਆਫਜ਼ਾ
Rooh Afza
Pakistani
800ml
$3.99 each
ਆਈ ਟੀ ਐਨ ਚਾਵਲ
ITN Basmati
Super Long Rice
8 lb
$9.99 each
ਕਨੋਲਾ ਤੇਲ
Canola Harvest
Canola Oil
3 ltr
$12.99 each
ਸ਼ਾਨੀਆ ਸੂਰਜਮੁਖੀ ਤੇਲ
Sania Sunflower
Oil 5 Ltr
3 ltr
$16.99 each
ਆਸ਼ੀਰਵਾਦ ਆਟਾ
Aashirwad
Whole Wheat Atta
20 lb
$19.99 each
ਨਉਟ੍ਰੀ ਫ੍ਰੈਸ਼ ਘਿਓ
NurtiFresh
Ghee
1.6 kg
$29.99 each
#9546-9548 Scott Town Plaza 96 Ave Scott Road Surrey
# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323
*while supply last

# ਭਾਰਤੀ ਜੇਲ੍ਹਾਂ ਵਿੱਚ ਸਿੱਖਾਂ ਨਾਲ ਅਣਮਨੁੱਖੀ ਵਿਵਹਾਰ ਅਤੇ ਕਿਸਾਨਾਂ ‘ਤੇ ਹਮਲੇ ਅਤਿ ਨਿੰਦਣਯੋਗ ਕਾਰਵਾਈ:ਫਰੀਮਾਂਟ ਸਿੱਖ ਗੁਰਦੁਆਰਾ

ਫਰੀਮਾਂਟ: ਗੁਰਦੁਆਰਾ ਸਾਹਿਬ ਫਰੀਮਾਂਟ ਸਿੱਖ ਕੌਮ ਨਾਲ ਇੱਕਮੁੱਠਤਾ ਵਿੱਚ ਖੜ੍ਹਾ ਹੈ ਅਤੇ ਭਾਰਤੀ ਰਾਜ ਦੀਆਂ ਨਿੰਦਣਯੋਗ ਕਾਰਵਾਈਆਂ ਦੀ ਨਿਖੇਧੀ ਕਰਦਾ ਹੈ, ਜੋ ਹਾਲ ਹੀ ਦੇ ਹਫ਼ਤਿਆਂ ਵਿੱਚ ਸਾਹਮਣੇ ਆਈਆਂ ਹਨ, ਜੋ ਸਿੱਖ ਕੈਦੀਆਂ ਅਤੇ ਕਿਸਾਨਾਂ ਨਾਲ ਅਣਮਨੁੱਖੀ ਸਲੂਕ ਦੇ ਇੱਕ ਦੁਖਦਾਈ ਸਥਿਤੀ ਨੂੰ ਪ੍ਰਗਟ ਕਰਦੀਆਂ ਹਨ। ਇਸ ਦੇ ਨਾਲ ਹੀ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਸਿੱਖ ਕੈਦੀਆਂ ਦੇ ਜੇਲ੍ਹ ਸੈੱਲਾਂ ਵਿੱਚ ਜਾਸੂਸੀ ਕੈਮਰੇ ਅਤੇ ਆਡੀਓ ਯੰਤਰ ਲਗਾਉਣ ਸਮੇਤ ਭਾਰਤੀ ਅਧਿਕਾਰੀਆਂ ਦੀਆਂ ਗੈਰ-ਸੰਵੇਦਨਸ਼ੀਲ ਕਾਰਵਾਈਆਂ ਦਾ ਪਰਦਾਫਾਸ਼ ਕੀਤਾ ਹੈ। ਇਸ ਕਾਰਨ ਜੇਲ੍ਹ ਵਿੱਚ ਬੰਦ ਸਿੰਘਾਂ ਨੇ ਪੰਜਾਬ ਦੀਆਂ ਜੇਲ੍ਹਾਂ ਵਿੱਚ ਤਬਦੀਲ ਕਰਨ ਦੀ ਮੰਗ ਨੂੰ ਲੈ ਕੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਹੈ।

ਗੁਰਦੁਆਰਾ ਸਾਹਿਬ ਫਰੀਮਾਂਟ ਵਲੋਂ ਇਕ ਬਿਆਨ ਜਾਰੀ ਕੀਤਾ ਗਿਆ ਜਿਸ ਵਿਚ ਭਾਰਤੀ ਸਟੇਟ ਦੀਆਂ ਘਿਨਾਉਣੀਆਂ ਕਾਰਵਾਈਆਂ ਦੀ ਸਖ਼ਤ ਨਿਖੇਧੀ ਕੀਤੀ ਗਈ ਹੈ। ਸ਼ਾਂਤਮਈ ਵਿਰੋਧ ਪ੍ਰਦਰਸ਼ਨਾਂ ਨੂੰ ਰੋਕਣ ਲਈ ਪੁਲਿਸ ਵੱਲੋਂ ਅੱਥਰੂ ਗੈਸ, ਰਬੜ ਦੀਆਂ ਗੋਲੀਆਂ, ਅਤੇ ਇੱਥੋਂ ਤੱਕ ਕਿ ਉੱਪਰੋਂ ਅੱਥਰੂ ਗੈਸ ਸੁੱਟਣ ਵਾਲੇ ਡਰੋਨਾਂ ਦੀ ਵਰਤੋਂ ਕਰਕੇ ਲੋਕਤੰਤਰ ਦਾ ਘਾਣ ਕੀਤਾ ਗਿਆ ਹੈ। ਗੁਰਦੁਆਰਾ ਸਾਹਿਬ ਫਰੀਮਾਂਟ ਕਮੇਟੀ ਨੇ ਇਹ ਬਿਆਨ ਦੋ ਮੁੱਖ ਉਦੇਸ਼ਾਂ ਨਾਲ ਜਾਰੀ ਕੀਤਾ: ਪਹਿਲਾ ਭਾਰਤ ਵਿੱਚ ਸਿੱਖਾਂ ਅਤੇ ਕਿਸਾਨਾਂ ਵਿਰੁੱਧ ਦਮਨਕਾਰੀ ਨੀਤੀਆਂ ਵੱਲ ਅੰਤਰਰਾਸ਼ਟਰੀ ਧਿਆਨ ਦਿਵਾਉਣਾ ਅਤੇ ਇਹਨਾਂ ਕਾਰਵਾਈਆਂ ਦੀ ਜਨਤਕ ਤੌਰ ‘ਤੇ ਨਿੰਦਾ ਕਰਨਾ। ਗੁਰਦੁਆਰਾ ਸਾਹਿਬ ਫਰੀਮਾਂਟ ਦੇ ਬੁਲਾਰੇ ਨੇ ਕਿਹਾ, “ਅਸੀਂ ਭਾਰਤੀ ਜੇਲ੍ਹਾਂ ਵਿੱਚ ਮੁਸੀਬਤਾਂ ਦਾ ਸਾਹਮਣਾ ਕਰ ਰਹੇ ਆਪਣੇ ਸਿੱਖ ਭਰਾਵਾਂ ਅਤੇ ਭੈਣਾਂ ਨਾਲ ਇੱਕਮੁੱਠ ਖੜ੍ਹੇ ਹਾਂ ਅਤੇ ਆਪਣੇ ਹੱਕਾਂ ਲਈ ਲੜ ਰਹੇ ਕਿਸਾਨਾਂ ਨੂੰ ਆਪਣਾ ਸਮਰਥਨ ਦਿੰਦੇ ਹਾਂ।” “ਬੇਇਨਸਾਫ਼ੀ ਦੇ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰਨਾ ਸਾਡਾ ਫਰਜ਼ ਹੈ ਅਤੇ ਅਸੀਂ ਭਾਰਤੀ ਰਾਜ ਨੂੰ ਲੋਕਤੰਤਰ ਦੇ ਸਿਧਾਂਤਾਂ ਨੂੰ ਕਾਇਮ ਰੱਖਣ ਅਤੇ ਸਾਰੇ ਨਾਗਰਿਕਾਂ ਦੇ ਬੁਨਿਆਦੀ ਅਧਿਕਾਰਾਂ ਦਾ ਸਨਮਾਨ ਕਰਨ ਦਾ ਸੱਦਾ ਦਿੰਦੇ ਹਾਂ।“ਗੁਰਦੁਆਰਾ ਸਾਹਿਬ ਫਰੀਮਾਂਟ ਅੰਤਰਰਾਸ਼ਟਰੀ ਭਾਈਚਾਰੇ ਨੂੰ ਇਨ੍ਹਾਂ ਗੰਭੀਰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਨੋਟਿਸ ਲੈਣ ਦੀ ਅਪੀਲ ਕਰਦਾ ਹੈ। ਫਰੀਮਾਂਟ ਗੁਰਦੁਆਰਾ ਸੁਪਰੀਮ ਕੌਂਸਲ ਭਾਰਤ ਸਰਕਾਰ ਨੂੰ ਇਨ੍ਹਾਂ ਉਲੰਘਣਾਵਾਂ ਦਾ ਤੁਰੰਤ ਹੱਲ ਕਰਨ ਦੀ ਮੰਗ ਕਰਦਾ ਹੈ।

# ਜੇ ਮੋਦੀ ਜੀ ਦੋਹਾ ਵਿਚ ਭਾਰਤੀ ਬੰਦੀਆਂ ਨੂੰ ਰਿਹਾਅ ਕਰਵਾ ਸਕਦੇ ਹਨ ਤਾਂ ਸਿੱਖ ਬੰਦੀਆਂ ਨੂੰ ਰਿਹਾਅ ਕਿਉਂ ਨਹੀਂ ਕਰਦੇ?: ਜਥੇਦਾਰ

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਆਖਿਆ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਦੋਹਾ ਵਿਚ 8 ਭਾਰਤੀਆਂ ਨੂੰ ਹੋਈ ਫਾਂਸੀ ਦੀ ਸਜ਼ਾ ਮਾਫ਼ ਕਰਵਾਉਣ ਵਾਲੀ ਸ਼ਿੱਦਤ ਦਹਾਕਿਆਂ ਤੋਂ ਭਾਰਤ ਦੀਆਂ ਜੇਲਾਂ ਵਿਚ ਨਜ਼ਰਬੰਦ ‘ਬੰਦੀ ਸਿੰਘਾਂ’ ਪ੍ਰਤੀ ਵੀ ਦਿਖਾਉਣੀ ਚਾਹੀਦੀ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਤੋਂ ਜਾਰੀ ਬਿਆਨ ਵਿਚ ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਤਿੰਨ-ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੋਂ ਜੇਲਾਂ ਵਿਚ ਨਜ਼ਰਬੰਦ ਬੰਦੀ ਸਿੰਘ, ਦੇਸ਼ ਦੇ ਸਿਆਸੀ ਕੈਦੀ ਹਨ ਜੋ ਕਿ ਅੱਸੀਵਿਆਂ ਦੇ ਦਹਾਕੇ ਦੌਰਾਨ ਸਰਕਾਰੀ ਜਬਰ ਤੋਂ ਤੰਗ ਆ ਕੇ ਸੰਘਰਸ਼ ਲੜਨ ਲਈ ਮਜਬੂਰ ਹੋਏ ਸਨ। ਉਨ੍ਹਾਂ ਕਿਹਾ ਕਿ ਇਹ ਚੰਗੀ ਗੱਲ ਹੈ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੋਹਾ ਵਿਚ ਫਾਂਸੀ ਦੀ ਸਜ਼ਾ ਪ੍ਰਾਪਤ 8 ਭਾਰਤੀਆਂ ਦੀ ਸਜ਼ਾ ਮਾਫ਼ ਕਰਵਾਉਣ ਤੋਂ ਬਾਅਦ ਦੋਹਾ ਜਾ ਕੇ ਉਥੋਂ ਦੀ ਸਰਕਾਰ ਦਾ ਧਨਵਾਦ ਕਰ ਰਹੇ ਹਨ ਪਰ ਇਹੀ ਪਹੁੰਚ ਅਪਣੇ ਹੀ ਦੇਸ਼ ਦੀਆਂ ਜੇਲਾਂ ਵਿਚ ਨਜ਼ਰਬੰਦ ਸਿਆਸੀ ਸਿੱਖ ਕੈਦੀਆਂ ਪ੍ਰਤੀ ਅਪਨਾਉਣ ਤੋਂ ਇਨਕਾਰ ਕਿਉਂ ਕੀਤਾ ਜਾ ਰਿਹਾ ਹੈ?

ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਦੇਸ਼ ਦੀ ਸਰਕਾਰ ਬੰਦੀ ਸਿੰਘਾਂ ਪ੍ਰਤੀ ਬਿਲਕੁਲ ਨਿਆਂਪੂਰਨ ਪਹੁੰਚ ਨਹੀਂ ਅਪਣਾ ਰਹੀ ਜਿਸ ਕਾਰਨ ਸਿੱਖ ਕੌਮ ਵਿਚ ਅਪਣੇ ਹੀ ਦੇਸ਼ ਅੰਦਰ ਬੇਗਾਨਗੀ ਦਾ ਅਹਿਸਾਸ ਵੱਧ ਰਿਹਾ ਹੈ। ਉਨ੍ਹਾਂ ਆਖਿਆ ਕਿ ਕੇਂਦਰ ਸਰਕਾਰ ਨੂੰ ਭਾਈ ਬਲਵੰਤ ਸਿੰਘ ਰਾਜੋਆਣਾ ਪ੍ਰਤੀ ਮਨੁੱਖਤਾਵਾਦੀ ਵਿਹਾਰ ਕਿਉਂ ਨਹੀਂ ਚੇਤੇ ਆ ਰਿਹਾ, ਜੋ ਪਿਛਲੇ ਲਗਭਗ 17 ਸਾਲਾਂ ਤੋਂ ਫਾਂਸੀ ਵਾਲੀ ਚੱਕੀ ਵਿਚ ਨਜ਼ਰਬੰਦ ਹਨ ਅਤੇ ਉਨ੍ਹਾਂ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰਨ ਸਬੰਧੀ ਲਗਭਗ 12 ਸਾਲ ਬੀਤ ਜਾਣ ’ਤੇ ਵੀ ਕੋਈ ਫ਼ੈਸਲਾ ਨਾ ਹੋਣਾ ਮਨੁੱਖੀ ਅਧਿਕਾਰਾਂ ਦਾ ਬਹੁਤ ਵੱਡਾ ਉਲੰਘਣ ਹੈ।

ਉਨ੍ਹਾਂ ਆਖਿਆ ਕਿ ਭਾਰਤ ਸਰਕਾਰ ਨੂੰ ਸਿੱਖਾਂ ਪ੍ਰਤੀ ਅਪਣਾ ਦੋਹਰਾ ਵਿਹਾਰ ਛੱਡ ਕੇ ਤੁਰਤ ਭਾਈ ਬਲਵੰਤ ਸਿੰਘ ਰਾਜੋਆਣਾ ਸਮੇਤ ਬਾਕੀ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਦੇ ਅਮਲ ਵਲ ਤੁਰਨਾ ਚਾਹੀਦਾ ਹੈ, ਜਿਨ੍ਹਾਂ ਦੀ ਰਿਹਾਈ ਸਬੰਧੀ 2019 ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਦੇਸ਼ ਦੀ ਨਰਿੰਦਰ ਮੋਦੀ ਸਰਕਾਰ ਨੇ ਖ਼ੁਦ ਐਲਾਨ ਕੀਤਾ ਸੀ।

# ਕੀ ਬੈਲਟ ਪੇਪਰ ਰਾਹੀਂ ਹੋਣਗੀਆਂ ਲੋਕ ਸਭਾ ਚੋਣਾਂ?

ਕੀ ਇਸ ਵਾਰ ਬੈਲਟ ਪੇਪਰ ਰਾਹੀਂ ਲੋਕ ਸਭਾ ਚੋਣਾਂ ਹੋਣਗੀਆਂ? ਦਰਅਸਲ, ਡਿਪਟੀ ਕਮਿਸ਼ਨਰਾਂ ਨੂੰ ਰਾਸ਼ਟਰਪਤੀ ਦੇ ਨਾਮ ਤੇ ਈਵੀਐੱਮ ਦੀ ਥਾਂ ਬੈਲਟ ਪੇਪਰ ਰਾਹੀਂ ਪਵਾਉਣ ਲਈ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਵਲੋਂ ਮੰਗ ਪੱਤਰ ਸੌਂਪਣ ਦਾ ਫ਼ੈਸਲਾ ਕੀਤਾ ਹੈ। ਇਹ ਮੰਗ ਪੱਤਰ 22 ਫਰਵਰੀ ਨੂੰ ਪੰਜਾਬ ਭਰ ਦੇ ਡੀਸੀਜ਼ ਨੂੰ ਸੌਂਪੇ ਜਾਣਗੇ।

ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਓ ਨੇ ਕਿਹਾ ਕਿ ਅੱਜ ਭਾਰਤ ਅੰਦਰ 20 ਸਾਲਾਂ ਤੋਂ ਸੱਤਾਧਾਰੀ ਭਾਜਪਾ, ਕਾਂਗਰਸੀ ਹੁਕਮਰਾਨਾਂ ਵੱਲੋਂ ਈਵੀਐਮ ਵੋਟ ਮਸ਼ੀਨਾਂ ਰਾਹੀਂ ਬਾਬਾ ਸਹਿਬ ਡਾ ਅੰਬੇਡਕਰ ਵੱਲੋਂ ਪ੍ਰਦਾਨ ਕੀਤੇ ਵੋਟ ਦੇ ਅਧਿਕਾਰ ਨੂੰ ਲੁੱਟ ਰਹੇ ਹਨ।

ਉਨ੍ਹਾਂ ਕਿਹਾ ਕਿ ਅੱਜ ਦੇਸ਼ ਅੰਦਰ ਵੱਧ ਰਹੀ ਬੇਰੁਜ਼ਗਾਰੀ, ਮਹਿੰਗਾਈ, ਭੁੱਖਮਰੀ ਦੀ ਜੜ ਈਵੀਐਮ ਹੀ ਹੈ ਪਾਸ਼ ਕੀਤੇ ਜਾ ਰਹੇ ਕਾਲੇ ਕਾਨੂੰਨਾਂ ਸਮੇਤ ਲੋਕਤੰਤਰ ਦੇ ਕੀਤੇ ਜਾ ਰਹੇ ਘਾਣ ਲਈ ਜੋ ਪਾਵਰ ਅੱਜ ਮੋਦੀ ਵਰਤ ਰਿਹਾ ਹੈ ਇਹ ਭਾਜਪਾ ਈਵੀਐਮ ਮਸ਼ੀਨਾਂ ਰਾਹੀਂ ਪ੍ਰਾਪਤ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਕਾਂਗਰਸੀ ਆਗੂ ਰਾਹੁਲ ਗਾਂਧੀ ਮੋਦੀ ਖਿਲਾਫ ਤਾਂ ਬੋਲਦੇ ਹਨ ਪਰ ਈਵੀਐਮ ਮਸ਼ੀਨਾਂ ਤੇ ਖਾਮੋਸ਼ ਹਨ।

ਉਨ੍ਹਾਂ ਦੱਸਿਆ ਕਿ 22 ਫਰਵਰੀ ਨੂੰ ਰਾਸ਼ਟਰੀ ਪਰਿਵਰਤਨ ਮੋਰਚਾ ਵੱਲੋਂ ਵਾਮਨ ਮੇਸਰਾਮ ਦੀ ਅਗਵਾਈ ਹੇਠ ਕੌਮੀ ਚੋਣ ਕਮਿਸ਼ਨ ਦੇ ਦਿੱਲੀ ਦਫ਼ਤਰ ਦਾ ਘਿਰਾਓ ਕੀਤਾ ਜਾਵੇਗਾ ਅਤੇ ਦਿੱਲੀ ਦੇ ਐਕਸ਼ਨ ਦੀ ਹਮਾਇਤ ਵਿੱਚ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਰਾਜ ਦੇ ਡਿਪਟੀ ਕਮਿਸ਼ਨਰਾਂ ਰਾਹੀਂ ਰਾਸ਼ਟਰਪਤੀ ਨੂੰ ਮੰਗ ਪੱਤਰ ਭੇਜਿਆ ਜਾਵੇਗਾ।









# (ਮੁੱਖ ਪੰਨੇ ਦੀ ਬਾਕੀ)

ਨੂੰ ਵੱਖ-ਵੱਖ ਕਰਨ ਦੀ ਕੋਸ਼ਿਸ਼ ਰੋਕੀ ਜਾਵੇ।6 ਮੈਂਬਰਾਂ ਦੀ ਕਮੇਟੀ ਬਣਾਈ ਹੈ, ਜੋ ਕੋਆਰਡੀਨੇਸ਼ਨ ਦਾ ਕੰਮ ਕਰੇਗੀ। ਇਸ ਵਿੱਚ ਹਨਨ ਮੌਲਾ, ਜੋਗਿੰਦਰ ਸਿੰਘ ਉਗਰਾਹਾਂ, ਉਦੈਵੀਰ, ਰਮਿੰਦਰ ਪਟਿਆਲਾ, ਬਲਬੀਰ ਸਿੰਘ ਰਾਜੇਵਾਲ ਅਤੇ ਦਰਸ਼ਨ ਪਾਲ ਸ਼ਾਮਲ ਹੋਣਗੇ।ਕਿਸਾਨ ਆਗੂ ਡਾ. ਸੁਨੀਲ ਦਾ ਕਹਿਣਾ ਹੈ ਕਿ ਇਹ ਕਮੇਟੀ ਪੁਰਾਣੇ ਐੱਸਕੇਐੱਮ ਦੇ ਮੈਂਬਰਾਂ ਨਾਲ ਗੱਲਬਾਤ ਕਰੇਗੀ ਅਤੇ ਇੱਕਜੁਟਤਾ ਕਾਇਮ ਰੱਖੇਗੀ।



ਨੌਜਵਾਨ ਕਿਸਾਨ ਸ਼ੁਭ ਕਰਨ ਸਿੰਘ ਦੀ ਮੌਤ ਤੋਂ ਬਾਅਦ ਕਿਸਾਨਾਂ ਨੇ 2 ਦਿਨ ਲਈ ਰਣਨੀਤੀ ਬਦਲੀ ਹੈ। ਕਿਸਾਨਾਂ ਨੇ ਕਿਹਾ ਹੈ ਕਿ ਉਨ੍ਹਾਂ ਨੇ ਦੋ ਦਿਨਾਂ ਤੱਕ 'ਦਿੱਲੀ ਕੂਚ' ਦੇ ਪ੍ਰੋਗਰਾਮ ਨੂੰ ਮੁਲਤਵੀ ਕੀਤਾ ਹੈ।ਕਿਸਾਨਾਂ ਨੇ ਪ੍ਰੈੱਸ ਕਾਨਫਰੰਸ ਕਰਕੇ ਜਾਣਕਾਰੀ ਦਿੱਤੀ ਹੈ ਕਿ ਹੁਣ ਤੱਕ 167 ਕਿਸਾਨ ਜ਼ਖਮੀ ਹੋਏ ਹਨ।ਕਿਸਾਨ ਐੱਮਐੱਸਪੀ ਦੀ ਗਰੰਟੀ ਦੀ ਮੰਗ ਨੂੰ ਲੈ ਕੇ 13 ਫ਼ਰਵਰੀ ਤੋਂ ਸ਼ੰਭੂ ਤੇ ਖਨੌਰੀ ਸਰਹੱਦਾਂ 'ਤੇ ਬੈਠੇ ਹਨ।ਕਿਸਾਨਾਂ ਨੇ ਸ਼ੁਭ ਕਰਨ ਸਿੰਘ ਦੀ ਮੌਤ ਨੂੰ ਲੈ ਕੇ ਪੰਜਾਬ ਸਰਕਾਰ 'ਤੇ ਵੀ ਸਵਾਲ ਚੁੱਕੇ ਹਨ।ਕਿਸਾਨਾਂ ਨੇ ਕਿਹਾ ਕਿ ਵੀਰਵਾਰ ਅਤੇ ਸ਼ੁੱਕਰਵਾਰ ਦੇ ਦਿਨ ਜ਼ਖਮੀਂ ਦੀ ਸਾਂਭ-ਸੰਭਾਲ ਅਤੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਮਿਲਣ ਲਈ ਰੱਖੇ ਹਨ। ਇਸ ਤੋਂ ਅਗਲੀ ਕਾਲ ਦੋ ਦਿਨਾਂ ਬਾਅਦ ਹੀ ਦਿੱਤੀ ਜਾਵੇਗੀ।ਕਿਸਾਨ ਆਗੂ ਬਲਦੇਵ ਸਿੰਘ ਜੀਰਾ ਨੇ ਕਿਹਾ, "ਪੱਕੀਆਂ ਗੋਲੀਆਂ ਉਦੋਂ ਚਲਦੀਆਂ ਹਨ ਜਦੋਂ ਕਿਸੇ ਬਾਹਰੀ ਦੇਸ ਨਾਲ ਲੜਾਈ ਚਲਦੀ ਹੋਵੇ। ਸਰਕਾਰ ਨੇ ਕਿਸਾਨਾਂ ਨੂੰ ਵੀ ਕਿਸੇ ਬਾਹਰੀ ਦੁਸ਼ਮਣ ਵਾਂਗ ਲਿਆ। ਸਿੱਧੀਆਂ ਗੋਲੀਆਂ ਮਾਰੀਆਂ ਗਈਆਂ। ਟਰੈਕਟਰ ਤੋੜੇ ਗਏ।"ਆਗੂਆਂ ਨੇ ਕਿਹਾ ਕਿ ਕੱਲ ਕੋਈ ਵੀ ਕਿਸਾਨ ਅੱਗੇ ਨਹੀਂ ਵਧਿਆ ਪਰ ਦੂਜੇ ਪਾਸੇ ਤੋਂ ਉਕਸਾਊ ਕਾਰਵਾਈਆਂ ਕੀਤੀਆਂ ਗਈਆਂ। ਡਰੋਨ ਪੰਜਾਬ ਦੀ ਸਰਹੱਦ ਦੇ ਅੰਦਰ ਆਏ ਅਤੇ ਉਨ੍ਹਾਂ ਨੇ ਸ਼ੈਲਿੰਗ ਕੀਤੀ।

"ਪੰਜਾਬ ਦੇ ਮੁੱਖ ਮੰਤਰੀ ਜੋ ਆਪਣੇ ਆਪ ਨੂੰ ਪੰਜਾਬ ਦਾ ਬੇਟਾ ਅਤੇ ਕਿਸਾਨ ਹਿਤੈਸ਼ੀ ਕਹਿ ਰਹੇ ਹਨ। ਉਨ੍ਹਾਂ ਨੂੰ ਜਵਾਬ ਦੇਣਾ ਚਾਹੀਦਾ ਹੈ ਕਿ ਜੇ ਕੋਈ ਹੋਰ ਫੋਰਸ ਜਾਂ ਪੈਰਾ ਮਿਲਟਰੀ ਪੰਜਾਬ ਦੀ ਹੱਦ ਦੇ ਅੰਦਰ ਵੜ ਕੇ ਕਾਰਵਾਈ ਕਰਦੀ ਹੈ ਤਾਂ ਕੀ ਇਹ ਮੰਨ ਲਿਆ ਜਾਵੇ ਕਿ ਪੰਜਾਬ ਪੁਲਿਸ ਇਸ ਵਿੱਚ ਹਿੱਸੇਦਾਰ ਹੈ?"

**ਕਿਸਾਨਾਂ ਨੇ ਸੁਰੱਖਿਆ ਬਲਾਂ 'ਤੇ ਪੱਥਰਾਅ ਕੀਤਾ - ਹਰਿਆਣਾ ਪੁਲਿਸ**

ਹਰਿਆਣਾ ਪੁਲਿਸ ਦੀ ਏਆਈਜੀ ਮਨੀਸ਼ਾ ਚੌਧਰੀ ਨੇ ਕਿਹਾ ਹੈ ਕਿ ਬੁੱਧਵਾਰ ਨੂੰ ਖਨੌਰੀ ਬਾਰਡਰ ਉੱਤੇ ਕਿਸਾਨਾਂ ਵੱਲੋਂ ਸੁਰੱਖਿਆ ਬਲਾਂ ਉੱਤੇ ਹਮਲਾ ਕੀਤਾ ਗਿਆ।

ਉਨ੍ਹਾਂ ਕਿਹਾ, "ਸੁਰੱਖਿਆ ਬਲਾਂ ਦੇ ਨੇੜੇ ਕਿਸਾਨਾਂ ਨੇ ਪਰਾਲੀ ਵਿੱਚ ਮਿਰਚਾਂ ਪਾ ਕੇ ਸਾੜੀਆਂ ਗਈਆਂ ਤੇ ਲਾਠੀਆਂ ਅਤੇ ਗੰਡਾਸਿਆਂ ਦੇ ਨਾਲ ਕਿਸਾਨਾਂ ਉੱਤੇ ਹਮਲੇ ਕੀਤੇ। ਇਸ ਵਿੱਚ 12 ਪੁਲਿਸ ਮੁਲਾਜ਼ਮ ਜ਼ਖਮੀ ਹੋਏ ਹਨ। ਕਿਸਾਨਾਂ ਵੱਲੋਂ ਪੱਥਰਾਅ ਵੀ ਕੀਤਾ ਗਿਆ ਹੈ।"

**ਖਨੌਰੀ ਘਟਨਾ ਨੂੰ ਲੈ ਕੇ ਹਾਈ ਕੋਰਟ 'ਚ ਪਟੀਸ਼ਨ**

ਕਿਸਾਨ ਅੰਦੋਲਨ ਦੌਰਾਨ ਖਨੌਰੀ ਸਰਹੱਦ 'ਤੇ ਗੋਲੀ ਲੱਗਣ ਨਾਲ ਕਿਸਾਨ ਦੀ ਮੌਤ ਦੇ ਮਾਮਲੇ ਦੀ ਹਾਈ ਕੋਰਟ ਦੇ ਸੇਵਾਮੁਕਤ ਜੱਜ ਦੀ ਅਗਵਾਈ ਹੇਠ ਨਿਆਂਇਕ ਜਾਂਚ ਦੀ ਮੰਗ ਨੂੰ ਲੈ ਕੇ ਪੰਜਾਬ-ਹਰਿਆਣਾ ਹਾਈ ਕੋਰਟ 'ਚ ਇਕ ਪਟੀਸ਼ਨ ਦਾਇਰ ਕੀਤੀ ਗਈ ਹੈ।ਹਾਈ ਕੋਰਟ ਨੂੰ ਇਸ ਪਟੀਸ਼ਨ 'ਤੇ ਜਲਦ ਸੁਣਵਾਈ ਕਰਨ ਲਈ ਵੀ ਅਪੀਲ ਕੀਤੀ ਗਈ ਹੈ।ਹਾਈ ਕੋਰਟ ਦੇ ਕਾਰਜਕਾਰੀ ਚੀਫ਼ ਜਸਟਿਸ ਦੇ ਬੈਂਚ ਅੱਗੇ ਇਸ ਪਟੀਸ਼ਨ ਦੀ ਸੁਣਵਾਈ ਅੱਜ ਕਰਨ ਦੀ ਮੰਗ ਕੀਤੀ ਗਈ।

ਐਡਵੋਕੇਟ ਹਰਿੰਦਰ ਸਿੰਘ ਈਸ਼ਰ ਨੇ ਇਹ ਪਟੀਸ਼ਨ ਦਾਇਰ ਕਰਦਿਆਂ ਪਟੀਸ਼ਨ ਵਿੱਚ ਕਿਹਾ ਹੈ ਕਿ ਕੱਲ੍ਹ ਖਨੌਰੀ ਸਰਹੱਦ 'ਤੇ ਗੋਲੀ ਲੱਗਣ ਕਾਰਨ ਇੱਕ ਕਿਸਾਨ ਦੀ ਮੌਤ ਹੋ ਗਈ ਸੀ, ਇਹ ਬਹੁਤ ਗੰਭੀਰ ਮਾਮਲਾ ਹੈ।

ਉਨ੍ਹਾਂ ਨੇ ਅੱਗੇ ਕਿਹਾ, "ਇਸ ਲਈ ਇਸ ਦੀ ਜਾਂਚ ਹਾਈ ਕੋਰਟ ਦੇ ਸੇਵਾਮੁਕਤ ਜੱਜ ਤੋਂ ਕਰਵਾਈ ਜਾਵੇ। ਹਰਿਆਣਾ ਪੁਲਿਸ ਪਿਛਲੇ ਕਈ ਦਿਨਾਂ ਤੋਂ ਸ਼ੰਭੂ ਅਤੇ ਖਨੌਰੀ ਬਾਰਡਰ 'ਤੇ ਪ੍ਰਦਰਸ਼ਨਕਾਰੀਆਂ 'ਤੇ ਅੱਥਰੂ ਗੈਸ ਅਤੇ ਪੈਲੇਟ ਗੰਨ ਦੀ ਵਰਤੋਂ ਕਰ ਰਹੀ ਹੈ, ਇਸ ਦਾ ਰਿਕਾਰਡ ਵੀ ਹਰਿਆਣਾ ਸਰਕਾਰ ਤੋਂ ਮੰਗਿਆ ਜਾਣਾ ਚਾਹੀਦਾ ਹੈ।"ਹਾਈਕੋਰਟ ਨੇ ਪਟੀਸ਼ਨਕਰਤਾ ਨੂੰ ਕਿਹਾ ਕਿ ਕਿਸਾਨ ਅੰਦੋਲਨ ਨੂੰ ਲੈ ਕੇ ਹਾਈਕੋਰਟ ਵਿੱਚ ਪਹਿਲਾਂ ਹੀ ਦੋ ਜਨਹਿੱਤ ਪਟੀਸ਼ਨਾਂ ਦੀ ਸੁਣਵਾਈ ਚੱਲ ਰਹੀ ਹੈ, ਇਨ੍ਹਾਂ ਜਨਹਿਤ ਪਟੀਸ਼ਨਾਂ ਦੇ ਨਾਲ ਇਸ ਪਟੀਸ਼ਨ ਦੀ ਸੁਣਵਾਈ 29 ਫਰਵਰੀ ਨੂੰ ਹੋਵੇਗੀ।

**ਕੀ ਹਨ ਕਿਸਾਨਾਂ ਦੀਆਂ ਮੰਗਾਂ**

ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਮੁਤਾਬਕ ਫਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਦਿੱਤੀ ਜਾਵੇ।

ਲੈਂਡ ਐਕੁਈਜ਼ੀਸ਼ਨ ਐਕਟ 2013 ਨੂੰ ਕੌਮੀ ਪੱਧਰ 'ਤੇ ਲਾਗੂ ਕਰਨਾ, ਜ਼ਮੀਨ ਐਕੁਆਇਰ ਕਰਨ ਬਾਰੇ ਕਿਸਾਨ ਦੀ ਲਿਖਤੀ ਸਹਿਮਤੀ ਅਤੇ ਕੁਲੈਕਟਰ ਰੇਟ ਤੋਂ ਚਾਰ ਗੁਣਾ ਭਾਅ ਦੇਣਾ

ਬਿਜਲੀ ਸੋਧ ਬਿੱਲ 2020 ਨੂੰ ਰੱਦ ਕੀਤਾ ਜਾਵੇ।

ਮਨਰੇਗਾ ਨੂੰ ਖੇਤੀ ਨਾਲ ਜੋੜਨਾ ਅਤੇ 700 ਰੁਪਏ ਦੀ ਦਿਹਾੜੀ ਮੁਤਾਬਕ ਸਾਲ ਵਿੱਚ 200 ਦਿਨ ਦੇ ਰੁਜ਼ਗਾਰ ਦੀ ਗਾਰੰਟੀ

ਕਿਸਾਨਾਂ ਅਤੇ ਮਜ਼ਦੂਰਾਂ ਦੀ ਮੁਕੰਮਲ ਕਰਜ਼ਾ ਮੁਕਤੀ

ਲਖੀਮਪੁਰ ਖੀਰੀ ਕਾਂਡ ਲਈ ਜ਼ਿੰਮੇਵਾਰ ਲੋਕਾਂ ਨੂੰ ਸਜ਼ਾਵਾਂ

2020-21 ਦੇ ਦਿੱਲੀ ਕਿਸਾਨ ਅੰਦੋਲਨ ਦੌਰਾਨ ਜਾਨ ਗੁਆਉਣ ਵਾਲੇ ਕਿਸਾਨਾਂ ਦੇ ਪਰਿਵਾਰ ਵਿੱਚੋਂ ਇੱਕ ਜੀਅ ਨੂੰ ਸਰਕਾਰੀ ਨੌਕਰੀ

ਕਿਸਾਨਾਂ ਅਤੇ ਮਜ਼ਦੂਰਾਂ ਨੂੰ ਬੁਢਾਪਾ ਪੈਨਸ਼ਨ ਸਕੀਮ ਲਾਗੂ ਕਰਨ ਦੀ ਮੰਗ

ਨਕਲੀ ਕੀਟਨਾਸ਼ਕਾਂ, ਖਾਦਾਂ ਅਤੇ ਬੀਜ ਬਣਾਉਣ ਵਾਲੀਆਂ ਕੰਪਨੀਆਂ ਤੇ ਵਿਅਕਤੀਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਦਾ ਪ੍ਰਬੰਧ

ਹਲਦੀ, ਮਿਰਚਾਂ ਅਤੇ ਹੋਰ ਮਸਾਲਿਆਂ ਦੀ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਕਮਿਸ਼ਨ ਸਥਾਪਨਾ ਕਰਨਾ ਸ਼ਾਮਲ ਹਨ।


THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ



Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC



CANRISE IMMIGRATION
www.canriseimmigration.com
778-565-1717

CANRISE IMMIGRATION

SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ
- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

OUR SERVICES:
- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

CANRISE Immigration & Settlements Professional Dedicated Committed

Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic



UNI GLOBAL IMMIGRATION
Consulting Services Ltd.
Your Dream......Our Passion

For all your Immigration Related Needs:

- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers

Tel. : 604-338-4975
778-323-3141

#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਚੀਨ ਵਧਾ ਰਿਹਾ ਹੈ ਪ੍ਰਮਾਣੂ ਹਥਿਆਰਾਂ ਦਾ ਭੰਡਾਰ, ਫੌਜ ਨੂੰ ਬਣਾ ਰਿਹਾ ਹੈ ਆਧੁਨਿਕ

ਬੀਜਿੰਗ: ਚੀਨ ਦੀ ਸਰਕਾਰ ਲਗਾਤਾਰ ਆਪਣੀ ਫੌਜੀ ਤਾਕਤ ਵਧਾ ਰਹੀ ਹੈ। ਚੀਨ ਦੀ ਪਰਮਾਣੂ ਨੀਤੀ ਵਿੱਚ ਇੱਕ ਵੱਡੀ ਤਬਦੀਲੀ ਕਰਦੇ ਹੋਏ, ਰਾਸ਼ਟਰਪਤੀ ਸ਼ੀ ਜਿਨਪਿੰਗ ਪ੍ਰਮਾਣੂ ਹਥਿਆਰਾਂ ਦੇ ਆਧੁਨਿਕੀਕਰਨ ਅਤੇ ਵਿਸਥਾਰ 'ਤੇ ਧਿਆਨ ਦੇ ਰਹੇ ਹਨ। ਚੀਨ ਅੰਤਰਰਾਸ਼ਟਰੀ ਸਰਹੱਦਾਂ 'ਤੇ ਦਬਾਅ ਨਾਲ ਨਜਿੱਠਣ ਲਈ ਵਿਸ਼ਵ ਪੱਧਰੀ ਫੌਜ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਚੀਨ ਦਾ ਫੌਜੀ ਆਧੁਨਿਕੀਕਰਨ ਖਾਸ ਤੌਰ 'ਤੇ ਇਸ ਦੇ ਪ੍ਰਮਾਣੂ ਵਿਸਥਾਰ ਅਤੇ ਵਿਸ਼ਵ ਵਿਸਤਾਰਵਾਦੀ ਨੀਤੀ ਦਾ ਹਿੱਸਾ ਹੈ।

ਖੁਫੀਆ ਸੂਤਰਾਂ ਮੁਤਾਬਕ ਪਰਮਾਣੂ ਸ਼ਕਤੀ ਬਣਨ ਤੋਂ ਬਾਅਦ ਚੀਨ ਸਿਰਫ ਜ਼ਮੀਨ 'ਤੇ ਆਧਾਰਿਤ ਬੈਲਿਸਟਿਕ ਮਿਜ਼ਾਈਲਾਂ ਤੱਕ ਸੀਮਤ ਹੋ ਗਿਆ ਸੀ। ਇਸ ਕੋਲ ਬਹੁਤ ਘੱਟ ਹਵਾਈ ਅਤੇ ਸਮੁੰਦਰੀ ਪ੍ਰਮਾਣੂ ਹਥਿਆਰ ਸਨ। ਜਦੋਂ ਕਿ ਅਮਰੀਕਾ ਅਤੇ ਰੂਸ ਵਰਗੇ ਦੇਸ਼ਾਂ ਕੋਲ ਜ਼ਮੀਨ, ਹਵਾ ਅਤੇ ਸਮੁੰਦਰ ਤੋਂ ਹਮਲਾ ਕਰਨ ਦੀ ਸਮਰੱਥਾ ਹੈ। ਇਸ ਵਿਚ ਪ੍ਰਮਾਣੂ ਹਮਲੇ ਨਾਲ ਨਜਿੱਠਣ ਦੀ ਸਮਰੱਥਾ ਵੀ ਹੈ। ਚੀਨ ਨੇ ਪਿਛਲੇ ਦਹਾਕੇ 'ਚ ਦੁਨੀਆ ਵਿਚ ਪ੍ਰਮਾਣੂ ਹਥਿਆਰਾਂ ਦੇ ਵਾਧੇ 'ਚ ਵੱਡੀ ਭੂਮਿਕਾ ਨਿਭਾਈ ਹੈ। ਚੀਨ ਕੋਲ 2022 ਵਿੱਚ 400 ਪਰਮਾਣੂ ਬੰਬ ਸਨ, ਜੋ 2023 ਵਿੱਚ ਵੱਧ ਕੇ 500 ਹੋ ਜਾਣਗੇ। ਚੀਨ 'ਨੋ ਫਸਟ ਯੂਜ਼' ਨੀਤੀ ਨਾਲ ਸਹਿਮਤ ਹੈ ਪਰ ਇਹ ਵੀ ਸੱਚ ਹੈ ਕਿ ਪੀਪਲਜ਼ ਲਿਬਰੇਸ਼ਨ ਆਰਮੀ ਕਿਸੇ ਵੀ ਜ਼ਮੀਨੀ ਹਮਲੇ ਦੀ ਸਥਿਤੀ ਵਿੱਚ ਪਰਮਾਣੂ ਹਥਿਆਰਾਂ ਦੀ ਵਰਤੋਂ ਕਰ ਸਕਦੀ ਹੈ।


ਚੀਨ ਪ੍ਰਮਾਣੂ ਹਥਿਆਰ ਵਧਾ ਰਿਹਾ ਹੈ

ਖੁਫੀਆ ਅਨੁਮਾਨਾਂ ਮੁਤਾਬਕ ਅਗਲੇ ਪੰਜ ਸਾਲਾਂ ਵਿਚ ਚੀਨ ਦੇ ਪ੍ਰਮਾਣੂ ਹਥਿਆਰਾਂ ਦੀ ਗਿਣਤੀ 1000 ਤੱਕ ਪਹੁੰਚ ਸਕਦੀ ਹੈ, ਜੋ ਦੁਨੀਆ ਲਈ ਚਿੰਤਾ ਦਾ ਵਿਸ਼ਾ ਹੈ। ਜੇਕਰ ਅਸੀਂ ਚੀਨ ਦੇ ਹਾਲ ਹੀ ਵਿੱਚ ਵਿਕਸਤ ਕੀਤੇ ਹਥਿਆਰਾਂ ਦੀ ਗੱਲ ਕਰੀਏ ਤਾਂ ਡੀਐਫ-41 ਇੱਕ ਬੈਲਿਸਟਿਕ ਮਿਜ਼ਾਈਲ ਹੈ, ਜਿਸ ਨੂੰ 2020 ਵਿੱਚ ਤਿਆਰ ਕੀਤਾ ਗਿਆ ਸੀ। ਇਸਦੀ ਅਨੁਮਾਨਿਤ ਮਾਰ ਅਰਥਾਤ ਰੇਂਜ 12,000-15,000 ਕਿਲੋਮੀਟਰ ਹੈ। ਡੀਐਫ-41 ਦੀ ਸੰਚਾਲਨ ਰੇਂਜ ਦੁਨੀਆ ਦੀ ਕਿਸੇ ਵੀ ਹੋਰ ਮਿਜ਼ਾਈਲ ਨਾਲੋਂ ਜ਼ਿਆਦਾ ਹੈ।

ਅਮਰੀਕਾ ਦੀ ਇੱਕ ਤਾਜ਼ਾ ਰਿਪੋਰਟ ਦੇ ਅਨੁਸਾਰ, ਚੀਨ ਦੀ ਟਾਈਪ 094 ਹੁਣ ਨਵੀਂ ਜੇਐਲ-3 ਪਣਡੁੱਬੀ-ਲਾਂਚਡ ਬੈਲਿਸਟਿਕ ਮਿਜ਼ਾਈਲ (ਐਸਐਲਬੀਐਮ) ਨਾਲ ਲੈਸ ਹਨ। ਜੇਐਲ-3 ਦੀ ਰੇਂਜ ਲਗਭਗ 10,000 ਕਿਲੋਮੀਟਰ ਹੈ, ਮਤਲਬ ਕਿ ਇਹ ਅਮਰੀਕਾ ਨੂੰ ਛੂਹ ਸਕਦੀ ਹੈ।ਚੀਨ ਨੇ ਇਸ ਤੋਂ ਇਲਾਵਾ ਆਪਣੇ ਬੇੜੇ ਵਿੱਚ ਦੋ ਟਾਈਪ 094 ਪਰਮਾਣੂ ਬੈਲਿਸਟਿਕ ਮਿਜ਼ਾਈਲ ਪਣਡੁੱਬੀਆਂ ਵੀ ਸ਼ਾਮਲ ਕੀਤੀਆਂ ਹਨ। ਇਹਨਾਂ ਵਿੱਚੋਂ ਹਰ ਇੱਕ 12 ਜੇਐਲ-3 ਤੱਕ ਲਿਜਾ ਸਕਦੀ ਹੈ, ਜਿਸ ਨਾਲ ਚੀਨ ਨੂੰ ਅੰਦਾਜ਼ਨ ਕੁੱਲ 72 ਪ੍ਰਮਾਣੂ ਹਥਿਆਰ ਮਿਲਣਗੇ।ਚੀਨ ਇੱਕ ਨਵਾਂ ਪਰਮਾਣੂ-ਸਮਰੱਥ ਸਬਸੋਨਿਕ ਰਣਨੀਤਕ ਸਟੀਲਥ ਬੰਬ, ਜਿਆਨਏ ਐਚ-20 ਵੀ ਵਿਕਸਤ ਕਰ ਰਿਹਾ ਹੈ। ਇਸ ਦੀ ਰੇਂਜ 10,000 ਕਿਲੋਮੀਟਰ ਹੈ।

# ਪਾਕਿਸਤਾਨ 'ਚ ਗਠਜੋੜ ਸਰਕਾਰ ਬਣਾਉਣ ਲਈ ਸਮਝੌਤਾ ਸਿਰੇ ਚੜ੍ਹਿਆ

## ਸ਼ਾਹਬਾਜ਼ ਪ੍ਰਧਾਨ ਮੰਤਰੀ ਤੇ ਜ਼ਰਦਾਰੀ ਰਾਸ਼ਟਰਪਤੀ ਬਣਨਗੇ



ਇਸਲਾਮਾਬਾਦ:ਪਾਕਿਸਤਾਨ ਮੁਸਲਿਮ ਲੀਗ-ਨਵਾਜ਼ ਅਤੇ ਪਾਕਿਸਤਾਨ ਪੀਪਲਜ਼ ਪਾਰਟੀ ਵਿਚਾਲੇ ਸਰਕਾਰ ਕਾਇਮ ਕਰਨ ਬਾਰੇ ਗੱਲਬਾਤ ਆਖਰਕਾਰ ਸਫਲ ਹੋ ਗਈ ਅਤੇ ਨਵੀਂ ਗਠਜੋੜ ਸਰਕਾਰ ਬਣਾਉਣ ਲਈ ਦੋਵਾਂ ਪਾਰਟੀਆਂ ਵਿਚਾਲੇ ਸਮਝੌਤਾ ਹੋ ਗਿਆ ਹੈ। ਪਾਕਿਸਤਾਨ ਪੀਪਲਜ਼ ਪਾਰਟੀ (ਪੀਪੀਪੀ) ਦੇ ਚੇਅਰਮੈਨ ਬਿਲਾਵਲ ਭੁੱਟੋ-ਜ਼ਰਦਾਰੀ ਨੇ ਦੇਰ ਰਾਤ ਸਾਂਝੀ ਪ੍ਰੈਸ ਕਾਨਫਰੰਸ ਵਿੱਚ ਇਹ ਐਲਾਨ ਕੀਤਾ ਕਿ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀਐੱਮਐੱਲ-ਐੱਨ) ਦੇ ਪ੍ਰਧਾਨ ਸ਼ਾਹਬਾਜ਼ ਸ਼ਰੀਫ਼ (72) ਪ੍ਰਧਾਨ ਮੰਤਰੀ ਵਜੋਂ ਅਹੁਦਾ ਸੰਭਾਲਣਗੇ, ਜਦੋਂ ਕਿ ਪੀਪੀਪੀ ਦੇ ਉਪ ਚੇਅਰਮੈਨ ਆਸਿਫ਼ ਜ਼ਰਦਾਰੀ (68) ਦੂਜੀ ਵਾਰ ਦੇਸ਼ ਦੇ ਰਾਸ਼ਟਰਪਤੀ ਬਣਨਗੇ। ਬਿਲਾਵਲ ਨੇ ਪੱਤਰਕਾਰਾਂ ਨੂੰ ਕਿਹਾ, 'ਪੀਪੀਪੀ ਅਤੇ ਪੀਐੱਮਐੱਲ-ਐੱਨ ਕੋਲ ਕਾਫ਼ੀ ਤਾਕਤ ਹੈ ਅਤੇ (ਹੁਣ) ਅਸੀਂ ਸਰਕਾਰ ਬਣਾਉਣ ਦੀ ਸਥਿਤੀ ਵਿੱਚ ਹਾਂ।' ਉਨ੍ਹਾਂ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਅਤੇ ਸੁੰਨੀ ਇਤੇਹਾਦ ਕੌਂਸਲ (ਐੱਸਆਈਸੀ) ਵੱਲੋਂ ਸਮਰਥਨ ਪ੍ਰਾਪਤ ਉਮੀਦਵਾਰ ਕੇਂਦਰ ਵਿੱਚ ਸਰਕਾਰ ਬਣਾਉਣ ਲਈ ਸੰਸਦ ਵਿੱਚ ਬਹੁਮਤ ਹਾਸਲ ਨਹੀਂ ਕਰ ਸਕੇ। ਇਸ ਦੌਰਾਨ ਸਾਬਕਾ ਪ੍ਰਧਾਨ ਮੰਤਰੀ ਖਾਨ ਦੀ ਪਾਰਟੀ ਪੀਟੀਆਈ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਪੋਸਟ ਵਿੱਚ ਪੀਪੀਪੀ ਅਤੇ ਪੀਐੱਮਐੱਲ-ਐੱਨ ਗਠਜੋੜ ਨੂੰ ਨਿਸ਼ਾਨਾ ਬਣਾਇਆ ਹੈ।


ਲਰਨਿੰਗ ਲਾਇਸੈਂਸ

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ



- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ






ਅਸੀਂ ਸਿਟੀਜ਼ਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL
Lucky: 604-614-5365
Unit 15 - 8388 128 St., Surrey



ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ
11267-125A St, Surrey, BC

ਇਸ ਹਫਤੇ ਦੇ ਪ੍ਰੋਗਰਾਮ



ਧੰਨ ਧੰਨ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਅਤੇ ਸ਼੍ਰੋਮਣੀ ਭਗਤ ਸਤਿਗੁਰੂ ਰਵਿਦਾਸ ਜੀ ਦੇ ਅਵਤਾਰ ਦਿਹਾੜੇ ਦੀ ਖੁਸ਼ੀ ਵਿਚ 23-24-25 ਫਰਵਰੀ ਨੂੰ ਸ੍ਰੀ ਅਖੰਡਪਾਠ ਸਾਹਿਬ ਅਤੇ ਵਿਸ਼ੇਸ਼ ਸਮਾਗਮ ਹੋਣਗੇ।
23 ਫਰਵਰੀ ਦਿਨ ਸ਼ੁੱਕਰਵਾਰ ਸਵੇਰੇ 10 ਵਜੇ (ਹਾਲ ਨੰ:2) ਵਿਚ ਅਖੰਡਪਾਠ ਸਾਹਿਬ ਆਰੰਭ ਹੋਣਗੇ।



24 ਫਰਵਰੀ ਦਿਨ ਸ਼ਨਿਚਰਵਾਰ ਸਿਮਰਜੀਤ ਸਿੰਘ ਅਤੇ ਆਬਾ ਮਲਕ ਦੇ ਅਨੰਦਕਾਰਜ ਹੋਣਗੇ।
24 ਫਰਵਰੀ ਦਿਨ ਸ਼ਨਿਚਰਵਾਰ ਸ਼ਾਮ 5.30 ਤੋਂ 8.30 ਵਜੇ ਤੱਕ ਹਫਤਾਵਾਰੀ ਦੀਵਾਨ ਸਜਣਗੇ
25 ਫਰਵਰੀ ਦਿਨ ਐਤਵਾਰ ਸਵੇਰੇ 9 ਵਜੇ ਅਖੰਡਪਾਠ ਸਾਹਿਬ ਦੇ ਭੋਗ ਹਾਲ ਨੰ:2 ਵਿਚ ਪਾਏ ਜਾਣਗੇ।ਉਪਰੰਤ ਮੇਨ ਹਾਲ ਵਿਚ ਸ. ਪਰਮਜੀਤ ਸਿੰਘ ਬਰਾੜ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਤੇ ਲੰਗਰਾਂ ਦੀ ਸੇਵਾ ਹੋਵੇਗੀ।ਹਫਤਾਵਾਰੀ ਦੀਵਾਨ ਦੁਪਹਿਰ 1 ਵਜੇ ਤੱਕ ਸਜਣਗੇ।ਦੀਵਾਨਾਂ ਵਿਚ ਹਜੂਰੀ ਰਾਗੀ ਭਾਈ ਰਣਜੀਤ ਸਿੰਘ ਲੁਧਿਆਣੇ ਵਾਲੇ, ਸੰਤ ਬਾਬਾ ਭਗਵੰਤ ਸਿੰਘ ਜੀ, ਬਾਬਾ ਜਗਜੀਤ ਸਿੰਘ ਜੀ ਖਾਰੇ ਵਾਲੇ (ਸੇਵਕ ਜਥਾ ਗੁਰਸਾਗਰ ਮਸਤੂਆਣਾ ਸਾਹਿਬ ਸਰੀ) ਹਾਜਰੀ ਭਰਨਗੇ।
ਨੋਟ:ਅਖੰਡਪਾਠ ਸਾਹਿਬ ਦੀ ਸੇਵਾ ਦੀਪ ਟਾਇਰ ਕੰਪਨੀ ) ਦੇ ਸਮੂਹ ਪਰਿਵਾਰ ਵੱਲੋਂ ਹੋਵੇਗੀ।
ਬੇਨਤੀ ਕਰਤਾ:ਪ੍ਰਧਾਨ ਸ. ਮਹਿੰਦਰ ਸਿੰਘ ਮਹਿਸਮਪੁਰੀ, ਸਮੂਹ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤ ਮਸਤੂਆਣਾ ਸਾਹਿਬ ਸਰੀ

ਰਾਗੀ ਜੱਥੇ
ਭਾਈ ਰਣਜੀਤ ਸਿੰਘ ਜੀ ਲੁਧਿਆਣੇ ਵਾਲੇ
ਬਾਬਾ ਭਗਵੰਤ ਸਿੰਘ ਰਾੜਾ ਸਾਹਿਬ ਸੰਪਰਦਾ ਵਾਲੇ

ਕਥਾਵਾਚਕ
(ਜਪੁਜੀ ਸਾਹਿਬ ਦੀ ਲੜੀਵਾਰ ਕਥਾ)
ਬਾਬਾ ਜਗਜੀਤ ਸਿੰਘ ਜੀ (ਖਾਰੇ ਵਾਲੇ)
ਸੇਵਕ ਜੱਥਾ ਮਸਤੂਆਣਾ ਸਾਹਿਬ

ਤਬਲਾ ਸਿੱਖਣ ਲਈ ਸੰਪਰਕ ਕਰੋ:
604-413-7171

ਗੁਰੂਘਰ ਵਿਖੇ ਤਬਲਾ, ਕੀਰਤਨ ਅਤੇ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਸ਼ੁਰੂ ਹਨ

ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ: ਗੁਰਦੁਆਰਾ ਸਾਹਿਬ:604-413-7171
ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007



ਰੋਜਾਨਾ ਦੇ ਪ੍ਰੋਗਰਾਮ

ਸਵੇਰੇ
5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

ਸ਼ਾਮ
6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਸੰਗਤਾਂ ਨੂੰ ਗੁੰਮਰਾਹਕੁਨ ਜਾਣਕਾਰੀ ਦੇਣ ਪਿੱਛੇ ਆਖ਼ਰ ਕੀ ਹੈ ਮਜਬੂਰੀ?:ਸੈਕਰਾਮੈਂਟੋ

# ਨਾਨਕਸ਼ਾਹੀ ਕੈਲੰਡਰ ਦੀ ਬਜਾਇ ਹਿੰਦੂਮਤ ਦੇ ਕੈਲੰਡਰ ਬਾਰੇ ਕਿਉਂ ਕੀਤਾ ਆਦੇਸ਼?

ਪ੍ਰਵਾਸੀ ਭਾਰਤੀ, ਸਿੱਖ ਚਿੰਤਕ ਅਤੇ ਪੰਥਕ ਵਿਦਵਾਨ ਭਾਈ ਸਰਵਜੀਤ ਸਿੰਘ ਸੈਕਰਾਮੈਂਟੋ ਨੇ ਗਿਆਨੀ ਰਘਬੀਰ ਸਿੰਘ ਮੁੱਖ ਸੇਵਾਦਾਰ ਅਕਾਲ ਤਖ਼ਤ ਸਾਹਿਬ ਨੂੰ ਪੱਤਰ ਲਿਖ ਕੇ ਅਕਾਲ ਤਖ਼ਤ ਵਲੋਂ ਜਾਰੀ ਹੋਏ ਪ੍ਰਸ਼ੰਸਾ ਪੱਤਰ ਸਬੰਧੀ ਕੁੱਝ ਸਵਾਲ ਕੀਤੇ ਹਨ, ਜਿਨ੍ਹਾਂ ਦਾ ਜਵਾਬ ਦੇਣਾ ਤਾਂ ਜਥੇਦਾਰ ਲਈ ਔਖਾ ਹੋਵੇਗਾ ਪਰ ਨਾਨਕਸ਼ਾਹੀ ਕੈਲੰਡਰ ਨੂੰ ਕਤਲ ਕਰ ਕੇ, ਉਸ ਤੋਂ ਬਾਅਦ ਵਾਲੇ ਮਿਲਗੋਭਾ ਕੈਲੰਡਰ ਨੂੰ ਹਰ ਵਾਰ ਸ਼੍ਰੋਮਣੀ ਕਮੇਟੀ ਤੋਂ ਰਿਲੀਜ਼ ਕਰਵਾਉਣ ਦੇ ਬਾਵਜੂਦ ਇਕ ਹੋਰ ਤੀਜੇ ਕਿਸਮ ਦੇ ਕੈਲੰਡਰ ਦੀਆਂ ਮਿਤੀਆਂ ਰਾਹੀਂ ਗੁਰਪੁਰਬ ਜਾਂ ਇਤਿਹਾਸਕ ਦਿਹਾੜੇ ਮਨਾਉਣ ਦੀ ਜਥੇਦਾਰ ਦੀ ਮਜਬੂਰੀ ਜਾਂ ਕਿਸੇ ਸਾਜ਼ਸ਼ ਬਾਰੇ ਜਾਣ ਕੇ ਗੁਰੂ ਨਾਨਕ ਨਾਮਲੇਵਾ ਸੰਗਤਾਂ ਦਾ ਹੈਰਾਨ ਤੇ ਪ੍ਰੇਸ਼ਾਨ ਹੋਣਾ ਸੁਭਾਵਕ ਹੈ।

ਭਾਈ ਸੈਕਰਾਮੈਂਟੋ ਨੇ ਅਕਾਲ ਤਖ਼ਤ ਸਾਹਿਬ ਤੋਂ ਗਿਆਨੀ ਰਘਬੀਰ ਸਿੰਘ ਦੇ ਦਸਤਖ਼ਤਾਂ ਹੇਠ 2 ਫ਼ਰਵਰੀ 2024 ਨੂੰ ਸੰਤ ਸਿਪਾਹੀ ਨਾਮ ਦੀ ਇਕ ਜਥੇਬੰਦੀ ਵਲੋਂ ਛਾਪੇ ਗਏ ਕੈਲੰਡਰ ਦੇ ਸਬੰਧ ਵਿਚ ਪ੍ਰਸ਼ੰਸਾ ਪੱਤਰ ਜਾਰੀ ਕਰਨ ਬਾਰੇ ਕੁੱਝ ਸਵਾਲ ਉਠਾਏ ਹਨ। ਪ੍ਰਸ਼ੰਸਾ ਪੱਤਰ ਵਿਚ ਗਿਆਨੀ ਰਘਬੀਰ ਸਿੰਘ ਨੇ ਲਿਖਿਆ ਹੈ ਕਿ ਗੁਰੂ ਨਾਨਕ ਪਾਤਸ਼ਾਹ ਜੀ ਦੇ ਪ੍ਰਕਾਸ਼ ਸਮੇਂ ਤੋਂ ਸਿੱਖ ਪੰਥ ਦਾ ਮੂਲ ਕੈਲੰਡਰ ਤੇ ਜੰਤਰੀ ਨਾਨਕਸ਼ਾਹੀ ਸੰਮਤ ਸਿੱਖ ਕੌਮ ਵਿਚ ਪ੍ਰਚਲਤ ਹੈ, ਇਸ ਦੇ ਆਧਾਰ ’ਤੇ ਹੀ ਗੁਰੂ ਸਾਹਿਬਾਨ ਦੇ ਪੁਰਬ ਅਤੇ ਇਤਿਹਾਸਕ ਦਿਹਾੜੇ ਮਨਾਏ ਜਾਂਦੇ ਹਨ। ਭਾਈ ਸੈਕਰਾਮੈਂਟੋ ਨੇ ਦਸਿਆ ਕਿ ਬਿਕਰਮੀ ਕੈਲੰਡਰ ਉਪਰ ਨਾਨਕਸ਼ਾਹੀ ਸੰਮਤ ਲਿਖਣ ਦਾ ਆਰੰਭ 1526 ਬਿਕਰਮੀ ਤੋਂ ਬਿਲਕੁਲ ਨਹੀਂ ਸੀ ਹੋਇਆ, ਜਦਕਿ ਬਿਕਰਮੀ ਕੈਲੰਡਰ ਉਪਰ ਹੀ ਨਾਨਕਸ਼ਾਹੀ ਸੰਮਤ ਲਿਖਣ ਦਾ ਰਿਵਾਜ 19ਵੀਂ ਸਦੀ ਦੇ ਅਖ਼ੀਰ ਵਿਚ ਪੱਥਰ ਛਾਪੇ ਦੇ ਓਮ ਤੋਂ ਪਿੱਛੋਂ ਹੀ ਪ੍ਰਚਲਤ ਹੋਇਆ ਸੀ, ਇਸ ਲਈ ਜਾਂਚ, ਪੜਤਾਲ ਅਤੇ ਪਰਖ ਦੀ ਕਸਵੱਟੀ ’ਤੇ ਗਿਆਨੀ ਰਘਬੀਰ ਸਿੰਘ ਦੇ ਦਾਅਵੇ ਪੂਰੇ ਨਹੀਂ ਉਤਰਦੇ।

ਭਾਈ ਸੈਕਰਾਮੈਂਟੋ ਮੁਤਾਬਕ ਜੇਕਰ ਬਿਕਰਮੀ ਕੈਲੰਡਰ ਉਪਰ ਵੀ ਨਾਨਕਸ਼ਾਹੀ ਸੰਮਤ ਜਾਂ ਖ਼ਾਲਸਾ ਸੰਮਤ ਲਿਖ ਦਿਤਾ ਜਾਵੇ ਤਾਂ ਵੀ ਉਸ ਕੈਲੰਡਰ ਨੂੰ ਨਾਨਕਸ਼ਾਹੀ ਕੈਲੰਡਰ ਨਹੀਂ ਕਿਹਾ ਜਾ ਸਕਦਾ। ਉਹ ਚੰਦਰ ਸੂਰਜੀ ਬਿਕਰਮੀ ਕੈਲੰਡਰ ਹੀ ਰਹੇਗਾ, ਜਿਵੇਂ ਕਿ ਬਿਕਰਮੀ ਕੈਲੰਡਰ ਉਪਰ ਸ਼੍ਰੋਮਣੀ ਕਮੇਟੀ ਵਾਂਗੂ ਨਾਨਕਸ਼ਾਹੀ ਕੈਲੰਡਰ ਲਿਖਣ ਨਾਲ ਉਹ ਨਾਨਕਸ਼ਾਹੀ ਕੈਲੰਡਰ ਨਹੀਂ ਬਣ ਜਾਂਦਾ ਕਿਉਂਕਿ ਹਰ ਕੈਲੰਡਰ ਦਾ ਅਪਣਾ ਵਿਧੀ ਵਿਧਾਨ ਹੁੰਦਾ ਹੈ। ਬਿਕ੍ਰਮੀ ਕੈਲੰਡਰ ਅਤੇ ਨਾਨਕਸ਼ਾਹੀ ਕੈਲੰਡਰ ਦੋ ਵੱਖ-ਵੱਖ ਕੈਲੰਡਰ ਹਨ। ਗਿਆਨੀ ਰਘਬੀਰ ਸਿੰਘ ਵਲੋਂ ਸੰਗਤਾਂ ਨੂੰ ਉਕਤ ਕੈਲੰਡਰ ਤੋਂ ਲਾਭ ਪ੍ਰਾਪਤ ਕਰ ਕੇ ਗੁਰੂ ਸਾਹਿਬਾਨ ਦੇ ਗੁਰਪੁਰਬ ਅਤੇ ਇਤਿਹਾਸਕ ਦਿਹਾੜੇ ਮਨਾਉਣ ਦੇ ਦਿਤੇ ਆਦੇਸ਼ ਦਾ ਵਿਰੋਧ ਕਰਦਿਆਂ ਭਾਈ ਸੈਕਰਾਮੈਂਟੋ ਨੇ ਆਖਿਆ ਕਿ ਭਾਵੇਂ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਏ ਆਦੇਸ਼ ਨੂੰ ਸੰਗਤਾਂ ਮੰਨਣ ਲਈ ਸਹਿਮਤ ਹੋ ਜਾਂਦੀਆਂ ਹਨ ਪਰ ਜਦੋਂ ਉਕਤ ਕੈਲੰਡਰ ਦੀ ਪੜਤਾਲ ਕੀਤੀ ਗਈ ਤਾਂ ਪਤਾ ਲੱਗਾ ਕਿ ਉਕਤ ਕੈਲੰਡਰ ਗੁਰੂ ਕਾਲ ਵੇਲੇ ਪ੍ਰਚਲਤ ਕੈਲੰਡਰ (ਸੂਰਜੀ ਸਿਧਾਂਤ) ਨਹੀਂ। ਪਰਖ ਪੜਚੋਲ ਕਰਨ ’ਤੇ ਪਤਾ ਲੱਗਾ ਕਿ ਇਹ ਕੈਲੰਡਰ ਤਾਂ ਹਿੰਦੂ ਵਿਦਵਾਨਾਂ ਵਲੋਂ 18-19 ਨਵੰਬਰ 1964 ਈਸਵੀ ਵਿਚ ਗੁਰੂਕਾਲ ਵੇਲੇ ਵਰਤੇ ਗਏ ਕੈਲੰਡਰ (ਸੂਰਜੀ ਸਿਧਾਂਤ) ਵਿਚ ਸੋਧ ਕਰ ਕੇ ਬਣਾਏ ਗਏ ਨਵੇਂ ਕੈਲੰਡਰ (ਦ੍ਰਿਕ ਗਿਣਤ ਸਿਧਾਂਤ) ਮੁਤਾਬਕ ਹੈ।

ਨੱਥੀ ਕੀਤੇ ਚਾਰਟ ਮੁਤਾਬਕ ਸੰਤ ਸਿਪਾਹੀ ਨਾਮ ਦੀ ਸੰਸਥਾ ਵਲੋਂ ਜਾਰੀ ਕੀਤੇ ਗਏ ਕੈਲੰਡਰ ਦੇ ਮਹੀਨਿਆਂ ਦਾ ਆਰੰਭ ਗੁਰੂ ਕਾਲ ਵਾਲੇ ਕੈਲੰਡਰ ਦੇ ਮਹੀਨਿਆਂ ਦੇ ਆਰੰਭ ਨਾਲੋਂ ਵਖਰੇ ਸਮੇਂ ’ਤੇ ਹੁੰਦਾ ਹੈ। ਸਵਾਲ ਇਹ ਪੈਦਾ ਹੁੰਦਾ ਹੈ ਕਿ ਸੰਗਤਾਂ ਗੁਰੂ ਕਾਲ ਵੇਲੇ ਪ੍ਰਚਲਤ ਕੈਲੰਡਰ ਮੁਤਾਬਕ ਅਪਣੇ ਦਿਹਾੜੇ ਮਨਾਉਣ ਜਾਂ 1964 ਈਸਵੀ ਵਿਚ ਹਿੰਦੂ ਵਿਦਵਾਨਾਂ ਵਲੋਂ ਬਣਾਏ ਕੈਲੰਡਰ ਮੁਤਾਬਕ? ਭਾਈ ਸੈਕਰਾਮੈਂਟੋ ਨੇ ਆਖਿਆ ਕਿ ਇਹ ਅਕਾਲ ਤਖ਼ਤ ਸਾਹਿਬ ਅਤੇ ਉਸ ਦੇ ‘ਜਥੇਦਾਰ’ ਦੀ ਭਰੋਸੇਯੋਗਤਾ ਦਾ ਵੀ ਸਵਾਲ ਹੈ ਕਿ ਅਕਾਲ ਤਖ਼ਤ ਸਾਹਿਬ ਵਲੋਂ ਜਥੇਦਾਰ ਗਿਆਨੀ ਰਘਬੀਰ ਸਿੰਘ ਦੇ ਦਸਤਖ਼ਤਾਂ ਹੇਠ ਜਾਰੀ ਕੀਤੇ ਗਏ ਪ੍ਰਸ਼ੰਸਾ ਪੱਤਰ ਵਿਚ ਦਿਤੀ ਗਈ ਗੁਮਰਾਹਕੁਨ ਜਾਣਕਾਰੀ ਲਈ ਆਖ਼ਰ ਕੌਣ ਹੈ ਕਸੂਰਵਾਰ?

## ਅਮਿਤ ਸ਼ਾਹ ਖ਼ਿਲਾਫ਼ ਟਿੱਪਣੀ ਕਰਨ ’ਤੇ ਦਾਇਰ ਮਾਣਹਾਨੀ ਮਾਮਲੇ ’ਚ ਰਾਹੁਲ ਗਾਂਧੀ ਨੂੰ ਮਿਲੀ ਜ਼ਮਾਨਤ

ਸੁਲਤਾਨਪੁਰ ਜ਼ਿਲ੍ਹੇ ਦੀ ਸੰਸਦ ਮੈਂਬਰ-ਵਿਧਾਇਕ ਅਦਾਲਤ ਨੇ ਅੱਜ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੂੰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵਿਰੁੱਧ ਟਿੱਪਣੀ ਕਰਨ ਲਈ ਦਾਇਰ ਮਾਣਹਾਨੀ ਦੇ ਕੇਸ ਵਿੱਚ ਜ਼ਮਾਨਤ ਦੇ ਦਿੱਤੀ। ਸ੍ਰੀ ਗਾਂਧੀ ਦੇ ਵਕੀਲ ਕਾਸ਼ੀ ਪ੍ਰਸਾਦ ਸ਼ੁਕਲਾ ਨੇ ਕਿਹਾ ਕਿ ਰਾਹੁਲ ਸੰਸਦ ਮੈਂਬਰ-ਵਿਧਾਇਕ ਅਦਾਲਤ ਦੇ ਜੱਜ ਯੋਗੇਸ਼ ਯਾਦਵ ਦੇ ਸਾਹਮਣੇ ਪੇਸ਼ ਹੋਏ ਅਤੇ ਜ਼ਮਾਨਤ ਬਾਂਡ ਭਰਨ ਤੋਂ ਬਾਅਦ ਉਨ੍ਹਾਂ ਨੂੰ ਜ਼ਮਾਨਤ ਦੇ ਦਿੱਤੀ। ਕਾਂਗਰਸ ਦੀ ਭਾਰਤ ਜੋੜੋ ਨਿਆਏ ਯਾਤਰਾ ਤਹਿਤ ਸੋਮਵਾਰ ਨੂੰ ਆਪਣੇ ਸਾਬਕਾ ਸੰਸਦੀ ਖੇਤਰ ਅਮੇਠੀ ਵਿੱਚ ਰਾਤ ਠਹਿਰਨ ਤੋਂ ਇੱਕ ਦਿਨ ਬਾਅਦ ਰਾਹੁਲ ਗਾਂਧੀ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵਿਰੁੱਧ ਕਥਿਤ ਤੌਰ ‘ਤੇ ਇਤਰਾਜ਼ਯੋਗ ਟਿੱਪਣੀ ਕਰਨ ਦੇ ਮਾਮਲੇ ਵਿੱਚ ਸੁਲਤਾਨਪੁਰ ਦੇ ਸੰਸਦ ਮੈਂਬਰ-ਵਿਧਾਇਕ ਅਦਾਲਤ ਵਿੱਚ ਪੇਸ਼ ਹੋਏ।

ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ
CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING
*Services provided by Registered Canadian Immigration Consultant
* Settlement Services For New Immigrants
* Social Insurance Number-Medical Service Plan
*Child Care Benefit Application



Call : 778-869-1097
By Appointment Only
#202-12677-80AVE SURREY

SUPER SANDHU
ਕਲਾਸ 4 ਡਰਾਈਵਰਾਂ ਦੀ ਲੋੜ
ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।
ਸਾਡੇ ਨਾਲ ਅੱਜ ਹੀ ਸੰਪਰਕ ਕਰੋ
Gary Varing: 604-807-3910
Charlie Sandhu: 604-864-7711

Harmanpreet Kaur
Punjabi Singer
ਵਿਆਹ ਸ਼ਾਦੀ, ਲੇਡੀਜ਼ ਸੰਗੀਤ
ਜਾਗੋ, ਮਾਈਆਂ,
ਘੋੜੀਆਂ, ਸੁਹਾਗ,
ਪੰਜਾਬੀ ਮੇਲਾ, ਸ਼ੋਅ ਆਦਿ ਦੀ
ਬੁਕਿੰਗ ਲਈ ਸੰਪਰਕ ਕਰੋ



Winner of Awaaz Punjabi
Voice of Punjab
India Got Talent
BEST IN PUNJAB FOLK SONGS
Ph:236-881-1276
Email:meriawaaz.music@gmail.com
YouTube harmanpreetofficial

# ਭਾਰਤ-ਕੈਨੇਡਾ ਕੂਟਨੀਤਿਕ ਤਣਾਅ ਕਾਰਨ 42 ਫ਼ੀਸਦੀ ਘਟੀ ਵੀਜ਼ਾ ਪ੍ਰੋਸੈਸਿੰਗ ਦਰ

ਓਟਾਵਾ-ਭਾਰਤ ਅਤੇ ਕੈਨੇਡਾ ਵਿਚਾਲੇ ਪਿਛਲੇ ਸਾਲ ਕੂਟਨੀਤਕ ਤਣਾਅ ਦੇਖਣ ਨੂੰ ਮਿਲਿਆ। ਤਣਾਅ ਦੇ ਚੱਲਦਿਆਂ 41 ਕੈਨੇਡੀਅਨ ਡਿਪਲੋਮੈਟਾਂ ਨੂੰ ਭਾਰਤ ਛੱਡਣ ਲਈ ਕਿਹਾ ਗਿਆ ਸੀ। ਦੋਵਾਂ ਦੇਸ਼ਾਂ ਵਿਚਾਲੇ ਚੱਲ ਰਹੇ ਤਣਾਅ ਦਾ ਅਸਰ ਹੁਣ ਕੈਨੇਡਾ ਵਿਚ ਵੀ ਦੇਖਣ ਨੂੰ ਮਿਲ ਰਿਹਾ ਹੈ। ਇਮੀਗ੍ਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ.) ਪੋਰਟਲ ਦੇ ਤਾਜ਼ਾ ਅੰਕੜੇ ਦਰਸਾਉਂਦੇ ਹਨ ਕਿ ਅਕਤੂਬਰ-ਦਸੰਬਰ 2022 ਦੇ ਮੁਕਾਬਲੇ 2023 ਦੀ ਆਖਰੀ ਤਿਮਾਹੀ ਵਿਚ ਕੈਨੇਡਾ ਦੁਆਰਾ ਫਾਈਨਲ ਕੀਤੀ ਗਈ ਭਾਰਤੀਆਂ ਦੀ ਗਿਣਤੀ ਵਿਚ 42 ਪ੍ਰਤੀਸ਼ਤ ਦੀ ਗਿਰਾਵਟ ਆਈ ਹੈ।




ਕੈਨੇਡਾ ਨੇ ਅਕਤੂਬਰ-ਦਸੰਬਰ 2023 ਵਿਚ ਸਿਰਫ਼ 69,203 ਅਰਜ਼ੀਆਂ ਦੀ ਹੀ ਇਜਾਜ਼ਤ ਦਿੱਤੀ ਹੈ। 2022 ਦੀ ਇਸੇ ਮਿਆਦ ਦੌਰਾਨ 1.19 ਲੱਖ ਅਰਜ਼ੀਆਂ ‘ਤੇ ਕਾਰਵਾਈ ਕੀਤੀ ਗਈ ਸੀ, ਜੋ ਕਿ ਵੱਡੀ ਕਮੀ ਨੂੰ ਦਰਸਾਉਂਦਾ ਹੈ। 2022 ਅਤੇ 2023 ਵਿਚਕਾਰ ਕੈਨੇਡੀਅਨ ਅਧਿਕਾਰੀਆਂ ਦੁਆਰਾ ਫਾਈਨਲ ਕੀਤੇ ਗਏ ਵਿਦਿਆਰਥੀ ਪਰਮਿਟਾਂ ਦੀ ਕੁੱਲ ਸੰਖਿਆ ਵਿਚ 15 ਪ੍ਰਤੀਸ਼ਤ ਦੀ ਕਮੀ ਸੀ। ਇੰਡੀਅਨ ਐਕਸਪ੍ਰੈਸ ਦੀ ਰਿਪੋਰਟ ਮੁਤਾਬਕ ਕੈਨੇਡੀਅਨ ਹਾਈ ਕਮਿਸ਼ਨ ਨੇ ਇਸ ‘ਤੇ ਕੋਈ ਜਵਾਬ ਨਹੀਂ ਦਿੱਤਾ ਹੈ। ਕੈਨੇਡਾ ਲਈ ਸਟੱਡੀ ਪਰਮਿਟ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਘੱਟੋ-ਘੱਟ ਛੇ ਮਹੀਨਿਆਂ ਦੇ ਲੰਬੇ ਪ੍ਰੋਗਰਾਮ ਲਈ ਜਾਰੀ ਕੀਤਾ ਜਾਂਦਾ ਹੈ।

ਜ਼ਿਆਦਾਤਰ ਪਰਮਿਟ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਦਾਖਲ ਹੋਏ ਵਿਦਿਆਰਥੀਆਂ ਕੋਲ ਹੁੰਦੇ ਹਨ। ਇਸ ਗਿਣਤੀ ਵਿਚ ਗਿਰਾਵਟ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ। ਕਿਉਂਕਿ ਆਈ.ਆਰ.ਸੀ.ਸੀ. ਨੇ ਪਹਿਲਾਂ ਹੀ 19 ਅਕਤੂਬਰ 2023 ਨੂੰ ਇੱਕ ਬਿਆਨ ਵਿਚ ਵੀਜ਼ਾ ਪ੍ਰੋਸੈਸਿੰਗ ਟਾਈਮਲਾਈਨਾਂ ‘ਤੇ ਮਾੜੇ ਪ੍ਰਭਾਵ ਦੀ ਚਿਤਾਵਨੀ ਦਿੱਤੀ ਸੀ। ਇਹ ਉਹ ਸਮਾਂ ਸੀ ਜਦੋਂ ਕੈਨੇਡਾ ਨੂੰ ਭਾਰਤ ਤੋਂ 62 ਡਿਪਲੋਮੈਟਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਵਿਚੋਂ 43 ਨੂੰ ਵਾਪਸ ਲੈਣ ਲਈ ਕਿਹਾ ਗਿਆ ਸੀ। ਸਟਾਫ ਦੀ ਕਮੀ ਦਾ ਅਸਰ ਹੁਣ ਦਿਖਾਈ ਦੇ ਰਿਹਾ ਹੈ।

ਇੰਡੀਅਨ ਐਕਸਪ੍ਰੈੱਸ ਦੀ ਰਿਪੋਰਟ ਮੁਤਾਬਕ ਮੁੰਬਈ ਦੇ ਇਕ ਸਿੱਖਿਆ ਸਲਾਹਕਾਰ ਨੇ ਕਿਹਾ, ‘ਮੈਨੂੰ ਲੱਗਦਾ ਹੈ ਕਿ ਸਟੱਡੀ ਪਰਮਿਟ ਲਈ ਟਰਨਅਰਾਊਂਡ ਟਾਈਮ ਛੇ ਮਹੀਨੇ ਵਧ ਸਕਦਾ ਹੈ। ਹਾਲਾਂਕਿ ਮੇਰੇ ਤਜ਼ਰਬੇ ਵਿਚ ਪ੍ਰਕਿਰਿਆ ਕੀਤੀਆਂ ਅਰਜ਼ੀਆਂ ਦੀ ਗਿਣਤੀ ਵਿਚ ਗਿਰਾਵਟ ਹੋ ਸਕਦੀ ਹੈ। ਵਿਦਿਆਰਥੀ ਅਜੇ ਵੀ ਕੈਨੇਡੀਅਨ ਸਟੱਡੀ ਪਰਮਿਟ ਲਈ ਅਪਲਾਈ ਕਰ ਰਹੇ ਹਨ।’ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਭਾਰਤ ‘ਤੇ ਵੱਖਵਾਦੀ ਹਰਦੀਪ ਸਿੰਘ ਨਿੱਝਰ ਦੇ ਕਤਲ ਦਾ ਦੋਸ਼ ਲਗਾਇਆ ਸੀ, ਜਿਸ ਤੋਂ ਬਾਅਦ ਦੋਹਾਂ ਦੇਸ਼ਾਂ ਵਿਚਾਲੇ ਤਣਾਅ ਵਧ ਗਿਆ ਸੀ। ਹਾਲਾਂਕਿ ਭਾਰਤ ਨੇ ਇਨ੍ਹਾਂ ਦੋਸ਼ਾਂ ਨੂੰ ਬੇਬੁਨਿਆਦ ਕਰਾਰ ਦਿੱਤਾ ਸੀ।

ਮਨ ਮਨੁੱਖ ਦੀ ਕੁੰਜੀ ਹੈ
Mind is the key to the man.
NATURAL HOMEOPATHIC SOLUTIONS
Homeopathic Natural Products And Consultations
• Stress • Obesity & Weight Management & much more
2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)
• Children & Ladies Problems and much more
We Have Effective New Medicines Based On Latest Research For The Cure Of:
• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases



"Homeopath R S Saini receiving International Award"
Director, West coast Homeopathic Society of Canada
Dr.R S Saini & Dr. Shveta Has The Latest Knowledge For The Cure Of These Diseases.
ਹੋਮਿਉਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋਂ ਐਕਟਿਵ ਪ੍ਰੈਕਟਿਸ ਵਿੱਚ
For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236
For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com

GOLDEN STAR PAINTING
ਸਾਨੂੰ ਵਰਕਰਾਂ ਦੀ ਲੋੜ ਹੈ
ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ
ਪੇਂਟ ਕਰਨ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਿਬ
ਕੀਮਤ ਤੇ ਕਰਦੇ ਹਾਂ
Free Estimate
ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ
ਭੁਪਿੰਦਰ ਸਿੰਘ ਗਿੱਲ:604-897-5750



TMG LOGISTICS INC.
Need Owner Operators
*Vancouver to California *California to Alberta Back Vancouver
*Vancouver to East USA Return
NOW HIRING
Good Paying Loads
Need Company Drivers
Single Driver Pay 52cents/mile
Team Drivers 32 cents/mile



FOR MORE INFORMATION CALL AT:
(604) 598-3680 Fax: 604-596-3681 Cell: 778-838-3680
#121-13140-80Ave Surrey, BC V3W 3B2

## (ਮੁੱਖ ਪੰਨੇ ਦੀ ਬਾਕੀ)

ਸਿੰਘ ਖੜੌਦ, ਰਾਜਭਿੰਦਰ ਸਿੰਘ ਬਦੇਸ਼ਾ, ਨਰਿੰਦਰ ਸਿੰਘ, ਰਜਿੰਦਰ ਸਿੰਘ, ਬਲਵਿੰਦਰ ਸਿੰਘ ਚੱਠਾ, ਧਰਮ ਸਿੰਘ, ਬਲਜਿੰਦਰ ਸਿੰਘ, ਪ੍ਰਿਤਪਾਲ ਸਿੰਘ ਖਾਲਸਾ, ਜਸਬੀਰ ਸਿੰਘ, ਡਾ. ਬਖਸ਼ੀਸ਼ ਸਿੰਘ, ਦਵਿੰਦਰ ਸਿੰਘ ਦਿਓ, ਗੁਰਮੇਲ ਸਿੰਘ, ਗੁਰਨਿੰਦਰ ਸਿੰਘ, ਬਖਸ਼ੀਸ਼ ਸਿੰਘ, ਸਤਨਾਮ ਸਿੰਘ ਵਿਰਕ, ਗੁਰਇੱਕਪ੍ਰੀਤ ਸਿੰਘ, ਪ੍ਰਧਾਨ ਇੰਦਰਜੀਤ ਸਿੰਘ, ਸਕੱਤਰ ਸਰਵਣ ਸਿੰਘ ਤੋ ਇਲਾਵਾ ਸ਼ਾਮਲ ਪਤਵੰਤਿਆਂ ਵਿਚ ਬਰਜਿੰਦਰ ਸਿੰਘ ਬਰਾੜ, ਜੁਗਰਾਜ ਸਿੰਘ, ਕੇਵਲ ਸਿੰਘ ਸੰਧੂ, ਸਰਬਜੀਤ ਸਿੰਘ, ਪ੍ਰਦੀਪ ਸਿੰਘ, ਹਰਮਿੰਦਰ ਸਿੰਘ ਆਹਲੂਵਾਲੀਆ, ਪਿਆਰਾ ਸਿੰਘ ਅਤੇ ਇਸ ਤੋਂ ਇਲਾਵਾ ਬਹੁਤ ਭਾਰੀ ਗਿਣਤੀ ਵਿਚ ਸੰਗਤਾਂ ਸ਼ਾਮਲ ਹੋਈਆਂ।

ਇਕੱਤਰਤਾ ਵਿਚ ਹੇਠ ਲਿਖੇ ਮਤੇ ਸਰਬਸੰਮਤੀ ਨਾਲ ਪਾਸ ਕੀਤੇ ਗਏ:

ਕਿਸਾਨ ਲੋਕਾਈ ਦੀ ਸ਼ਾਨ ਅਤੇ ਜਾਨ ਹਨ। 'ਜੇ ਕਿਸਾਨ ਨਹੀਂ -ਤਾਂ ਭੋਜਨ ਨਹੀਂ'। ਕਿਸਾਨਾਂ ਦੇ ਪੁੱਤਰ ਅਤੇ ਧੀਆਂ ਤੁਹਾਡੀਆਂ ਸਰਹੱਦਾਂ ਦੀ ਰਾਖੀ ਕਰਦੇ ਹਨ।

ਉਨ੍ਹਾਂ ਨੂੰ ਦਹਿਸ਼ਤਜ਼ਦਾ ਕਰਨਾ ਬੰਦ ਕਰੋ ਅਤੇ ਉਨ੍ਹਾਂ ਦੀਆਂ ਹੇਠ ਲਿਖੀਆਂ ਜਾਇਜ਼ ਮੰਗਾਂ ਨੂੰ ਪ੍ਰਵਾਨ ਕੀਤਾ ਜਾਵੇ।

- ਮਿਥੀਆਂ ਗਈਆਂ 23 ਫਸਲਾਂ ਲਈ ਘੱਟੋ ਘੱਟ ਸਮਰਥਨ ਮੁੱਲ ਤੇ ਨਾਲ ਹੀ +50% ਓਵਰਹੈੱਡ ਪ੍ਰੀਮੀਅਮ ਨੂੰ ਕਵਰ ਕਰਨ ਲਈ ਸ਼ਫ ਨੂੰ ਕਾਨੂੰਨੀ ਮਾਨਤਾ ਦੇਣ ਦਾ ਕੰਮ ਫੌਰੀ ਤੌਰ ਤੇ ਕੀਤਾ ਜਾਵੇ।
- ਉਸ ਕੇਂਦਰੀ ਮੰਤਰੀ ਨੂੰ ਬਰਖਾਸਤ ਕਰੋ ਜਿਸ ਦੇ ਪੁੱਤਰ ਉੱਤੇ ਅਕਤੂਬਰ 2021 ਵਿੱਚ ਉੱਤਰ ਪ੍ਰਦੇਸ਼ ਦੇ ਲਖੀਮਪੁਰ ਖੀਰੀ ਜ਼ਿਲ੍ਹੇ ਵਿੱਚ ਕਿਸਾਨਾਂ ਉੱਤੇ ਆਪਣੀ ਕਾਰ ਚੜਾਉਣ ਦਾ ਦੋਸ਼ ਹੈ।
- ਲਖੀਮਪੁਰ ਖੀਰੀ ਕਾਂਡ ਦੇ ਸ਼ਿਕਾਰ ਕਿਸਾਨਾਂ ਵਿਰੁੱਧ ਦਰਜ ਸਾਰੇ ਝੂਠੇ ਅਪਰਾਧਿਕ ਕੇਸ ਵਾਪਸ ਲਏ ਜਾਣ।
- ਪੰਜਾਬ ਅਤੇ ਰਾਜਸਥਾਨ ਦਾ ਬੋਡਰ ਜੋ ਕੀ ਪਾਕਿਸਤਾਨ ਨਾਲ ਲਗਦਾ ਉਥੋਂ ਗੁਜਰਾਤ ਦੀ ਤਰਾਂ ਹੀ ਵਪਾਰ ਦੀ ਖੁੱਲ ਦਿੱਤੀ ਜਾਵੇ ਤਾਂ ਜੋ ਪੰਜਾਬ , ਹਰਿਆਣਾ, ਰਾਜਸਥਾਨ ਅਤੇ ਪੱਛਮੀ ਉੱਤਰ ਪ੍ਰਦੇਸ਼ ਦੇ ਕਿਸਾਨਾਂ ਅਤੇ ਹੋਰ ਕਾਰੋਬਾਰੀਆਂ ਨੂੰ ਵੀ ਵੱਡਾ ਆਰਥਿਕਫਾਇਦਾ ਹੋ ਸਕੇ।ਸੰਯੁਕਤ ਰਾਸ਼ਟਰ ਦੀ ਸਰਪ੍ਰਸਤੀ ਹੇਠ ਜਨਮਤ ਸੰਗ੍ਰਹਿ ਦੇ ਨਾਲ ਪੰਜਾਬ ਨੂੰ ਸਵੈ-ਨਿਰਣੇ ਦਾ ਅਧਿਕਾਰ ਹੈ।ਸਾਡੀ ਜ਼ਮੀਨ, ਪਾਣੀ ਅਤੇ ਕੁਦਰਤੀ ਸੋਮਿਆਂ ਤੇ ਪਹਿਲਾ ਹੱਕ ਪੰਜਾਬ ਦੇ ਲੋਕਾਂ ਦਾ ਹੈ ਜੋ ਕਿ ਉਹਨਾਂ ਨੂੰ ਦਿੱਤਾ ਜਾਵੇ ।
- ਡਾਇਸਪੋਰਾ ਵਿਚ ਸਿੱਖ ਸ਼ੰਘਰਸ਼ ਦੇ ਨੇਤਾਵਾਂ ਦੇ ਨੂੰ ਖਤਮ ਕਰਨ ਤੇ ਹਮਲੇ ਕਰਨ ਵਾਲੇ ਅੰਤਰ-ਰਾਸ਼ਟਰੀ ਜਬਰ (ਠ੍ਰ) ਨੂੰ ਰੋਕੋ।
- ਸਾਰੇ ਬੰਦੀ ਸਿੰਘਾਂ (ਸਿੱਖ ਸਿਆਸੀ ਕੈਦੀਆਂ) ਨੂੰ ਤੁਰੰਤ ਰਿਹਾਅ ਕੀਤਾ ਜਾਵੇ।
- ਸਿੱਖ ਧਾਰਮਿਕ ਮਾਮਲਿਆਂ ਵਿੱਚ ਦਖਲਅੰਦਾਜ਼ੀ ਬੰਦ ਕੀਤੀ ਜਾਵੇ।
- ਸਿੱਖ ਧਾਰਮਿਕ ਸਥਾਨਾਂ ਦੀ ਬੇਅਦਬੀ ਅਤੇ ਬਰਬਾਦੀ ਕਰਨ ਦੀਆਂ ਕਾਰਵਾਈਆਂ ਤੋਂ ਭਾਰਤ ਬਾਜ਼ ਆਵੇ।
- ਸਿੱਖ ਧਰਮ ਨੂੰ ਇੱਕ ਵੱਖਰੇ ਵੱਖਰੇ ਧਰਮ ਵਜੋਂ ਮਾਨਤਾ ਦੇਣ ਲਈ ਭਾਰਤੀ ਸੰਵਿਧਾਨ ਵਿੱਚ ਸੋਧ ਕੀਤੀ ਜਾਵੇ।
- ਪੱਖਪਾਤੀ ਦੋ-ਪੱਧਰੀ ਭਾਰਤੀ ਨਿਆਂ ਪ੍ਰਣਾਲੀ ਨੂੰ ਬੰਦ ਕਰੋ ਜੋ ਬਹੁਗਿਣਤੀ ਹਿੰਦੂ ਭਾਈਚਾਰੇ ਦਾ ਪੱਖ ਪੂਰਦੀ ਹੈ ਅਤੇ ਘੱਟ ਗਿਣਤੀਆਂ ਨੂੰ ਸਜ਼ਾਵਾਂ ਤੇ ਤਸ਼ੱਦਦ ਦਾ ਸ਼ਿਕਾਰ ਬਣਾਉਂਦੀ ਹੈ।ਪੰਜਾਬ ਵਿੱਚ ਇੰਟਰਨੈੱਟ ਸੇਵਾ ਤੁਰੰਤ ਬਹਾਲ ਕੀਤੀ ਜਾਵੇ।

**ਜਾਰੀ ਕਰਤਾ:**

**ਹਿੰਮਤ ਸਿੰਘ - ਕੋਆਰਡੀਨੇਟਰ, SCCEC**
**ਡਾ. ਪ੍ਰਿਤਪਾਲ ਸਿੰਘ - ਕੋਆਰਡੀਨੇਟਰ, ਏ.ਜੀ.ਪੀ.ਸੀ, ਹਰਜਿੰਦਰ ਸਿੰਘ - ਮੀਡੀਆ ਸਪੋਕਸਮੈਨ, SCCEC**

# ਮਨੁੱਖ ਦਾ ਧਰਮ

ਮਨੁੱਖ ਦਾ ਸਭ ਤੋਂ ਵਡਾ ਧਰਮ ਪਤਾ ਕੀ ਹੈ? ਉਸ ਦਾ ਢਿੱਡ ।

ਢਿੱਡ ਵਿਚ ਰੋਟੀ ਤਾਂ ਧਰਮ ਨਹੀ ਤਾਂ ਭੁਖੇ ਢਿਡ ਤਾਂ ਭਗਤ ਸਹਿਬਾਨਾਂ ਵੀ ਕਹਿ ਦਿਤਾ ਕਿ ਆਹਾ ਚਕ ਅਪਣੀ ਮਾਲਾ ਭੁਖਿਆਂ ਭਗਤ ਨਹੀ ਹੁੰਦੀ।ਅਤੇ ਇਸ ਭੁਖ ਦੇ ਧਰਮ ਨੂੰ ਗੁਰੂ ਸਹਿਬਾਨਾ ਜਿੰਨਾ ਬਾਖੂਬ ਕਿਸੇ ਨਹੀ ਜਾਣਿਆ ਯਾਣੀ ਪਹਿਲੇ ਪੰਗਤ ਪਾਛੈ ਸੰਗਤ ਅਤੇ ਪੰਗਤ ਦਾ ਸਿਧਾ ਸਬੰਧ ਕਿਰਤ ਨਾਲ। ਕਿਰਤ ਹੋਊ ਤਾਂ ਪੰਗਤ ਚਲੂ ਵਿਹਲਾ ਤਾਂ ਖੁਦ ਦੀ ਰੋਟੀ ਤਵੇ ਨਹੀ ਪਾ ਸਕਦਾ ਉਨ ਕਿਸੇ ਨੂੰ ਕੀ ਰਜਾਓਂਣਾ।

ਸਿਖ ਧਰਮ ਕਿਰਤੀਆਂ ਦਾ ਧਰਮ ਹੈ ਪਰ ਜਿਹੜਾ ਕਿਰਤੋਂ ਭਗੌੜਾ ਉਸ ਦਾ ਕਿਸੇ ਧਰਮ ਨਾਲ ਕੋਈ ਵਾਹ ਵਾਸਤਾ ਨਹੀ ਗਲਾਂ ਜਿੰਨੀਆਂ ਮਰਜੀ ਕਰੀ ਜਾਏ ਜਾਂ ਚਮਗਿਦੜ ਤਰਾਂ ਚਾਹੇ ਪੁਠਾ ਲਮਕੀ ਫਿਰੇ।

ਕਿਰਤ ਦਾ ਸਿਧਾ ਸਬੰਧ ਕਿਸਾਨ ਅਤੇ ਮਜਦੂਰ ਨਾਲ ਅਤੇ ਕਿਸਾਨ ਤੇ ਮਜਦੂਰ ਬੈਠਾ ਅਜ ਸੜਕਾਂ ਉਪਰ ਪਰ ਧਰਮ ਪੜਾਓਂਣ ਵਾਲੇ ਰਜਾਈਆਂ ਵਿਚ।ਜਦ ਧਰਮ ਦੀ ਗਲ ਆਈ ਤਾਂ ਗੁਰੂ ਸਹਿਬਾਨ ਨੇ ਸਭ ਤੋਂ ਉਪਰ ਜਿਹੜੀ ਗਲ ਰਖੀ ਓਹ ਸੀ ਕਿਰਤ। ਯਾਦ ਰਖਣਾ ਕਿਰਤੀ ਹੀ ਲੜ ਸਕਦਾ ਕਿਰਤੀ ਹੀ ਭਿੜ ਸਕਦਾ ਅਤੇ ਕਿਰਤੀ ਹੀ ਧਰਮੀ ਹੋ ਸਕਦਾ।ਅਨੰਦਪੁਰ ਸਾਹਿਬ ਦੀ ਫੇਰੀ ਤੇ ਖੜੋ ਜਦ ਬਾਜਾਂ ਵਾਲੇ ਤਲਵਾਰ ਖਿਚੀ ਤਾਂ ਸਿਰ ਲੈ ਕੇ ਕੋਈ ਵਿਹਲੜ ਅਗੇ ਹੋਇਆ ਹੋਵੇ।ਸ਼ੀਂਬੇ, ਨਾਈ, ਝੌਰ, ਜਟ ਬੂਟ ਯਣੀ ਕਿਰਤੀ ਲੋਕ ਅਗੇ ਆਏ ਵਿਹਲੜ ਮਸੰਦ ਤਾਂ ਦੌੜ ਨਿਕਲੇ।ਯਾਦ ਰਖਣਾ ਜਦ ਵੀ ਕੋਈ ਸੋ ਕਾਲ ਵਡਾ ਰੁਖ ਡਿਗੇ ਤੇ ਧਰਤੀ ਹਿਲੀ ਤਾਂ ਉਸ ਧਰਤੀ ਨੂੰ ਹਿਲਾਉਣ ਵਾਲੇ ਕਿਰਤੀਆਂ ਦੇ ਹਥ ਹੀ ਅਗੇ ਆਏ ਵਿਹਲੜਾ ਨੂੰ ਤਾਂ ਭੋਰਿਆਂ ਡੇਰਿਆਂ ਦਾ ਫਿਕਰ ਹੀ ਬਾਹਰ ਨਹੀ ਨਿਕਲਣ ਦਿੰਦਾ।ਪੰਜਾਬ ਦੇ ਕਾਮਰੇਡ ਮਾਰਕਸਵਾਦ ਦਾ ਮੀਂਹ ਰੂਸ ਵਿਚ ਪੈਣ ਤੇ ਛਤੜੀਆਂ ਪੰਜਾਬ ਖੋਹਲੀ ਫਿਰਦੇ ਰਹੇ ਨੇ ਅਤੇ ਕਿਰਤੀ ਕਿਰਤੀ ਦਾ ਢੋਲ ਕੁਟੀ ਰਖਦੇ ਨੇ ਨਿਤ, ਪਰ ਕਟੜਵਾਦਤਾ ਦੀ ਨਫਰਤ ਵਿਚ ਇਨਾ ਅੰਨੇ ਰਹੇ ਨੇ ਕਿ ਪੈਰਾਂ ਹੇਠਲੀ ਜਮੀਨ ਕਦੇ ਦੇਖ ਹੀ ਨਹੀ ਪਾਏ। ਮਾਰਕਸਵਾਦ ਕੇਵਲ ਥਿਊਰੀ ਦੀਆਂ ਰਿਊੜੀਆਂ ਵੰਡਦਾ ਰਿਹਾ ਪਰ ਗੁਰਾਂ ਦੇ ਫਲਸਫੇ ਹੇਠ ਪਲਣ ਵਾਲੇ ਪੰਜਾਬ ਨੇ ਪੂਰੇ ਸੰਸਾਰ ਨੂੰ ਪ੍ਰੈਕਟੀਕਲ ਕਰਕੇ ਦਿਖਾਇਆ ਜਿਥੇ ਹਾਲੇ ਤਕ ਬਿਨਾ ਭੇਦ ਭਾਵ ਲਖਾਂ ਲੋਕਾਂ ਦਾ ਢਿਡ ਭਰਿਆ ਜਾ ਰਿਹਾ। ਓਹ ਵੀ ਬਿਨਾ ਕਿਸੇ ਵਿਤਕਰੇ ਅਤੇ ਜਾਤੀ ਨਫਰਤ ਦੇ। ਇਥੇ ਤਕ ਕਿ ਖੁਦ ਉਪਰ ਡਾਗਾਂ ਅਤੇ ਗੋਲੀਆਂ ਚਲਾਓਂਣ ਵਾਲੇ ਪੁਲਸ ਫੌਜ ਵਾਲੇ ਵੀ ਇਥੇ ਢਿਡ ਭਰਕੇ ਜਾਂਦੇ ਰਹੇ ਨੇ।ਸਭ ਤੋਂ ਵਡਾ ਕਪਟ ਹੈ ਅਤੇ ਬੇਈਮਾਨੀ ਹੈ ਜਦ ਗੁਰੂ ਨਾਨਕ ਸਾਹਿਬ ਦੇ ਫਲਸਫੇ ਨੂੰ ਮਾਰਕਸਵਾਦ ਨਾਲ ਤੁਲਨਾ ਦਿਤੀ ਜਾਂਦੀ ਹੈ। ਮਾਰਕਸਵਾਦ ਕਿਸੇ ਵਿਰੋਧੀ ਦਾ ਢਿਡ ਭਰਦਾ ਦਿਸਿਆ ਤਾਂ ਕੋਈ ਦਸੇ।ਮਾਰਕਸਵਾਦ ਫਲਸਫੇ ਵਾਲੇ ਕਾਮਰੇਡ ਕਿਸੇ ਨੂੰ ਚਾਹ ਦਾ ਕਪ ਪਿਆਓਂਦੇ ਵੀ ਦਿਸੇ ਹੋਣ ਤਾਂ ਦਸਣਾ।ਮਾਰਕਸਵਾਦ ਫਾਲਵਰ ਸਟਾਲਿਨ ਵਰਗਿਆਂ ਕਿਸੇ ਦੇ ਢਿਡ ਰੋਟੀ ਤਾਂ ਕੀ ਪਾਓਂਣੀ ਸੀ ਖੁਦ ਦੇ ਮੁਲਖ ਦੇ ਮਜਦੂਰਾਂ ਕਿਸਾਨਾ ਦੇ ਢਿਡ ਹੀ ਪਾੜ ਪਾੜ ਨਹੀ ਸੁਟੇ ਤਾਂ ਦਸੋ।

ਗੁਰਾਂ ਦੇ ਫਲਸਫੇ ਹੇਠ ਚਲਣ ਵਾਲਿਆਂ ਦੀ ਫਰਾਖਦਿਲੀ ਦੇਖੋ ਕਿ ਲੰਗਰਾਂ, ਨਿਸ਼ਾਨਾ ਅਤੇ ਸਾਡੇ ਬੋਲਿਆਂ ਦਾ ਮਖੌਲ ਉਡਾਓਂਣ ਵਾਲਿਆਂ ਦਾ ਵੀ ਢਿਡ ਭਰਦੇ ਰਹੇ ਨੇ ਮੋਰਚੇ ਵਿਚ। ਕਿਸੇ ਆਖਿਆ ਹੋਵੇ ਕਿ ਜਾਹ ਵਗ ਜਾਹ ਹੈ ਨੂੰ ਤੇਰੀ ਲਈ ਰੋਟੀ ਕਿਓਂਕਿ ਤੂੰ ਸਾਨੂੰ ਨਫਰਤ ਕਰਦਾਂ ਹੈਂ। ਜਿਹੜੇ ਕਾਮਰੇਡ ਗੁਰੂ ਘਰਾਂ ਦਿਆਂ ਤਪੜਾਂ ਤੇ ਬੈਠ ਜਲੇਬੀਆਂ ਲਡੂਆਂ ਨਾਲ ਲਿਹੜਾਂ ਕਢਦੇ, ਮੀਟਿੰਗਾਂ ਕਰਦੇ ਪਰ ਫਿਰ ਓਥੇ ਦੀ ਹੀ ਬਦਖੋਈ ਕਰਕੇ ਓਸੇ ਹੀ ਥਾਲੀ ਵਿਚ ਛੇਕ ਕਰਦੇ ਨੇ ਸਿਖਾਂ ਫਿਰ ਵੀ ਕਿਸੇ ਕਾਮਰੇਡ ਨੂੰ ਕਿਹਾ ਹੋਵੇ ਕਿ ਤੂੰ ਗੁਰਦੁਆਰੇ ਵੜ ਨਹੀ ਸਕਦਾ। ਇਹ ਵਰਤਾਰਾ ਮੈਂ ਨੇੜਿਓਂ ਡਿਠਾ ਅਤੇ ਹੰਡਾਇਆ ਹੈ ਕਿ ਖੀਰਾਂ ਨਾਲ ਲਿਹੜ ਕੇ ਉਠਣ ਵਾਲੇ ਓਹੀ ਕਾਮਰੇਡਾਂ ਜੋ ਸ਼ਬਦਾਂਵਲੀ ਵਰਤੀ ਗੁਰੂ ਸਹਿਬਾਨਾ ਪ੍ਰਤੀ।

ਸੜਕਾਂ ਤੇ ਬੈਠੇ ਕਿਰਤੀ ਲੋਕ ਅਪਣੀ ਕਿਰਤ ਦੇ ਹਕਾਂ ਲਈ ਲੜ ਰਹੇ ਨੇ ਪਰ ਵਿਹਲੜ ਅਤੇ ਬੇਈਮਾਨ ਲੋਕ ਨੁਕਸ ਕਢ ਕਢ ਅਪਣੀਆਂ ਧੜੇਬੰਦੀਆਂ ਦੀ ਬਿਮਾਰੀ ਦਾ ਸ਼ਿਕਾਰ ਹੋ ਕੇ ਓਨਾ ਨੂੰ ਨਕਾਰ ਰਹੇ ਨੇ ਅਤੇ ਇਹ ਕਿਰਤੀ ਲੋਕਾਂ ਨਾਲ ਧ੍ਰੋਹ ਹੈ ਸਭ ਤੋਂ ਵਡੇ ਭੁਖ ਦੇ ਧਰਮ ਨਾਲ ਧ੍ਰੋਹ ਹੈ ਯਾਣੀ ਓਸੇ ਥਾਲੀ ਵਿਚ ਛੇਕ ਕਰਨਾ।



**ਗੁਰਦੇਵ ਸਿੰਘ ਸੱਧੇਵਾਲੀਆ**

## ਐਫ ਬੀ ਆਈ ਦੇ ਸਾਬਕਾ ਚੋਟੀ ਦੇ ਅਧਿਕਾਰੀ ਨੂੰ ਵਿਦੇਸ਼ੋਂ ਮਿਲੇ ਸਵਾ ਦੋ ਲੱਖ ਡਾਲਰ ਦੇ ਮਾਮਲੇ 'ਚ ਹੋਈ 28 ਮਹੀਨੇ ਦੀ ਜੇਲ੍ਹ

ਸੈਕਰਾਮੈਂਟੋ- ਐੱਫ.ਬੀ.ਆਈ. ਕਾਊਂਟਰਇੰਟੈਲੀਜੈਂਸ ਦੇ ਇਕ ਸਾਬਕਾ ਚੋਟੀ ਦੇ ਅਧਿਕਾਰੀ ਨੂੰ ਅਲਬਾਨੀਆ ਦੇ ਇਕ ਕਾਰੋਬਾਰੀ ਤੋਂ ਮਿਲੇ 2,25,000 ਡਾਲਰ ਲੁਕਾ ਕੇ ਰੱਖਣ ਦੇ ਮਾਮਲੇ ਵਿਚ ਇਕ ਅਦਾਲਤ ਨੇ 28 ਮਹੀਨੇ ਜੇਲ੍ਹ ਦੀ ਸਜ਼ਾ ਸੁਣਾਈ ਹੈ। ਕਾਊਂਟਰ ਇੰਟੈਲੀਜੈਂਸ ਐਂਡ ਨੈਸ਼ਨਲ ਸਕਿਓਰਿਟੀ ਆਪਰੇਸ਼ਨਜ਼ ਦੇ ਸਾਬਕਾ ਇੰਚਾਰਜ ਚਾਰਲਸ ਮੈਕੋਗੋਨੀਗਲ ਨੇ ਐੱਫ.ਬੀ.ਆਈ. ਤੋਂ ਅਲਬਾਨੀਅਨ ਕਾਰੋਬਾਰੀ ਨਾਲ ਆਪਣੇ ਸਬੰਧਾਂ ਨੂੰ ਲੁਕਾ ਕੇ ਰੱਖਿਆ। ਉਹ ਆਪਣੇ ਨਿੱਜੀ ਹਿੱਤਾਂ ਲਈ ਅਲਬਾਨੀਆ ਦੇ ਅਧਿਕਾਰੀਆਂ ਨੂੰ ਮਿਲਿਆ। ਸਜ਼ਾ ਸੁਣਾਉਣ ਤੋਂ ਪਹਿਲਾਂ ਯੂ.ਐੱਸ. ਡਿਸਟ੍ਰਿਕਟ ਜੱਜ ਕੋਲੀਨ ਕੋਲਰ ਕੋਟਲੀ ਦੀ ਅਦਾਲਤ 'ਚ ਮੈਕੋਗੋਨੀਗਲ ਨੇ ਕਿਹਾ ਕਿ ਮੈਂ ਆਪਣੀ ਬਾਕੀ ਬਚੀ ਜ਼ਿੰਦਗੀ ਦੌਰਾਨ ਖੁਸਿਆ ਭਰੋਸਾ ਮੁੜ ਹਾਸਲ ਕਰਨ ਦਾ ਯਤਨ ਕਰਾਂਗਾ। ਉਸ ਨੇ ਕਿਹਾ ਕਿ ਮੈਂ ਇਹ ਰਕਮ ਸੇਵਾਮੁਕਤੀ ਉਪਰੰਤ ਸਕਿਓਰਿਟੀ ਕੰਸਲਟੈਂਟ ਬਿਜ਼ਨਸ ਸ਼ੁਰੂ ਕਰਨ ਲਈ ਕਰਜ਼ੇ ਦੇ ਰੂਪ 'ਚ ਲਈ ਸੀ ਪਰੰਤੂ ਇਹ ਰਕਮ ਮੈਂ ਵਾਪਸ ਨਹੀਂ ਕੀਤੀ।

## ਭਾਰਤ 'ਚ ਸੌ ਕਰੋੜ ਹਿੰਦੂ ਆਪਣੇ ਆਪ ਨੂੰ ਖਤਰੇ 'ਚ ਮਹਿਸੂਸ ਕਰਦੇ ਹਨ ਤਾਂ ਦੋ ਕਰੋੜ ਸਿੱਖ ਖ਼ੁਦ ਨੂੰ ਸੁਰੱਖਿਅਤ ਕਿਵੇਂ ਮਹਿਸੂਸ ਕਰ ਲੈਣ?:ਭਾਈ ਰਣਜੀਤ ਸਿੰਘ ਦਮਦਮੀ ਟਕਸਾਲ

ਅੰਮ੍ਰਿਤਸਰ: ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਅਸਾਮ ਦੀ ਡਿਬਰੂਗੜ੍ਹ ਜੇਲ੍ਹ 'ਚ ਨਜ਼ਰਬੰਦ ਵਾਰਿਸ ਪੰਜਾਬ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਅਤੇ ਸਾਥੀਆਂ ਦੇ ਕਮਰੇ ਅਤੇ ਬਾਥਰੂਮਾਂ ਦੇ ਵਿੱਚ ਕੈਮਰੇ ਲਗਾ ਕੇ ਹਿੰਦ ਸਰਕਾਰ ਸਿੰਘਾਂ ਨੂੰ ਜਲੀਲ ਕਰਨ ਦਾ ਯਤਨ ਕਰ ਰਹੀ ਹੈ। ਸਰਕਾਰ ਨੂੰ ਇਹਨਾਂ ਕੋਝੀਆਂ ਹਰਕਤਾਂ ਤੋਂ ਬਾਜ਼ ਆਉਣਾ ਚਾਹੀਦਾ ਹੈ। ਉਹਨਾਂ ਮੰਗ ਕੀਤੀ ਕਿ ਭਾਈ ਅੰਮ੍ਰਿਤਪਾਲ ਸਿੰਘ ਅਤੇ ਸਾਥੀਆਂ ਉੱਤੋਂ ਐਨ.ਐਸ.ਏ. ਹਟਾ ਕੇ ਉਹਨਾਂ ਨੂੰ ਪੰਜਾਬ ਦੀ ਜੇਲ੍ਹ ਵਿੱਚ ਜਲਦ ਤਬਦੀਲ ਕੀਤਾ ਜਾਵੇ। ਉਹਨਾਂ ਨੇ ਸਰਕਾਰਾਂ ਨੂੰ ਸਵਾਲ ਕਰਦਿਆਂ ਕਿਹਾ ਕਿ ਕੀ ਹਿੰਦੂ ਰਾਸ਼ਟਰ ਦੀ ਮੰਗ ਕਰਨ ਵਾਲਿਆਂ ਦੇ ਨਾਲ ਵੀ ਸਰਕਾਰ ਕਦੇ ਅਜਿਹਾ ਵਰਤਾਓ ਕਰੇਗੀ ਜੋ ਸਾਡੇ ਸਿੰਘਾਂ ਨਾਲ ਹੋ ਰਿਹਾ ਹੈ ? ਭਾਈ ਅੰਮ੍ਰਿਤਪਾਲ ਸਿੰਘ ਦੇ ਨਾਲ ਅਜਿਹਾ ਵਰਤਾਓ ਕਰਕੇ ਭਾਰਤ ਸਰਕਾਰ ਹੋਰਾਂ ਸਿੱਖ ਨੌਜਵਾਨਾਂ ਦੇ ਮਨਾਂ ਵਿੱਚ ਇਹ ਡਰ-ਦਹਿਸ਼ਤ ਪੈਦਾ ਕਰਨਾ ਚਾਹੁੰਦੀ ਹੈ ਕਿ ਜਿਹੜਾ ਵੀ ਨੌਜਵਾਨ ਪੰਥ ਅਤੇ ਪੰਜਾਬ ਦੇ ਹੱਕਾਂ ਹਕੂਕਾਂ ਅਤੇ ਖਾਲਿਸਤਾਨ ਦੀ ਗੱਲ ਕਰੇਗਾ ਉਸ ਦੇ ਨਾਲ ਵੀ ਅਜਿਹਾ ਵਿਹਾਰ ਕੀਤਾ ਜਾਵੇਗਾ। ਹਿੰਦੁਸਤਾਨ ਦੇ ਦੋਹਰੇ ਕਾਨੂੰਨ ਦਾ ਸਿੱਖ ਹੁਣ ਤੋਂ ਹੀ ਸ਼ਿਕਾਰ ਨਹੀਂ ਹੋ ਰਹੇ ਬਲਕਿ 1947 ਤੋਂ ਹੀ ਸਿੱਖਾਂ ਦੇ ਨਾਲ ਅਜਿਹਾ ਸਲੂਕ ਕੀਤਾ ਜਾ ਰਿਹਾ ਹੈ, ਸਾਨੂੰ ਗੁਲਾਮੀ ਦਾ ਅਹਿਸਾਸ ਕਰਵਾਇਆ ਜਾ ਰਿਹਾ। ਸਮਾਂ ਮੰਗ ਕਰਦਾ ਹੈ ਕਿ ਸਿੱਖ ਕੌਮ ਅਤੇ ਹੋਰ ਘੱਟ ਗਿਣਤੀ ਕੌਮਾਂ ਇੱਕ ਮੰਚ 'ਤੇ ਇਕੱਤਰ ਹੋ ਕੇ ਭਾਰਤ ਦੀ ਫਾਸ਼ੀਵਾਦੀ ਸਰਕਾਰ ਦੇ ਵਿਰੁੱਧ ਸੰਘਰਸ਼ ਛੇੜਨ। ਭਾਰਤ ਸਰਕਾਰ ਦੀਆਂ ਨਜ਼ਰਾਂ ਵਿੱਚ ਜੇਕਰ ਹਿੰਦੂ ਰਾਸ਼ਟਰ ਦੀ ਗੱਲ ਕਰਨ ਵਾਲਾ ਅੱਤਵਾਦੀ ਨਹੀਂ, ਗੁਨਾਹਗਾਰ ਨਹੀਂ ਤਾਂ ਸਿੱਖ ਰਾਸ਼ਟਰ ਦੀ ਗੱਲ ਕਰਨ ਵਾਲੇ, ਖਾਲਿਸਤਾਨ ਦੀ ਗੱਲ ਕਰਨ ਵਾਲਿਆਂ ਦੇ ਉੱਤੇ ਐਨ.ਐਸ.ਏ., ਯੂ.ਏ.ਪੀ.ਏ. ਕਿਉਂ ਲਗਾਈ ਜਾ ਰਹੀ ਹੈ ? ਜਦ ਕਿ ਖਾਲਿਸਤਾਨ ਦੇ ਰਾਹ ਵੀ ਸਾਨੂੰ ਹਿੰਦ ਹਕੂਮਤ ਨੇ ਤੋਰਿਆ ਹੈ। ਜੇਕਰ ਭਾਰਤ ਦੀ ਰਾਜ ਸੱਤਾ ਹਿੰਦੂ ਹੁਕਮਰਾਨਾਂ ਦੇ ਹੱਥਾਂ ਵਿੱਚ ਹੋਣ ਦੇ ਬਾਵਜੂਦ ਵੀ 100 ਕਰੋੜ ਹਿੰਦੂ ਆਪਣੇ ਆਪ ਨੂੰ ਖਤਰੇ 'ਚ ਮਹਿਸੂਸ ਕਰਦਾ ਹੈ ਤਾਂ ਕੇਵਲ ਦੋ ਕੁ ਕਰੋੜ ਗਿਣਤੀ ਵਾਲੀ ਸਿੱਖ ਕੌਮ ਆਪਣੇ ਆਪ ਨੂੰ ਸੁਰੱਖਿਅਤ ਕਿਵੇਂ ਮਹਿਸੂਸ ਕਰ ਲਵੇ ? ਜਦ ਕਿ ਸਾਡੇ ਗੁਰਧਾਮਾਂ ਦੇ ਉੱਤੇ ਹਮਲਾ ਅਤੇ ਸਾਡੀ ਨਸਲਕੁਸ਼ੀ ਹੋਈ ਹੈ। ਉਹਨਾਂ ਕਿਹਾ ਕਿ ਖਾਲਿਸਤਾਨ ਦੀ ਮੰਗ ਉਹਨਾਂ ਅੱਤਿਆਚਾਰਾਂ ਦੀ ਦੇਣ ਹੈ ਜਿਹੜੇ ਸਾਡੇ ਉੱਤੇ ਕੀਤੇ ਗਏ ਤੇ ਕੀਤੇ ਜਾ ਰਹੇ ਹਨ। ਜੇਕਰ ਭਾਈ ਅੰਮ੍ਰਿਤਪਾਲ ਸਿੰਘ, ਭਾਈ ਪਪਲਪ੍ਰੀਤ ਸਿੰਘ, ਭਾਈ ਹਰਜੀਤ ਸਿੰਘ, ਭਾਈ ਬਸੰਤ ਸਿੰਘ ਦੌਲਤਪੁਰਾ, ਭਾਈ ਭਗਵੰਤ ਸਿੰਘ, ਭਾਈ ਦਲਜੀਤ ਸਿੰਘ ਕਲਸੀ, ਗੁਰਮੀਤ ਸਿੰਘ ਬੁੱਕਣ ਵਾਲਾ, ਕੁਲਵੰਤ ਸਿੰਘ ਰਾਊਕੇ ਆਦਿ ਸਿੰਘਾਂ ਨੂੰ ਕੁਝ ਹੋਇਆ ਤਾਂ ਇਸ ਦੀ ਜਿੰਮੇਵਾਰ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਹੋਵੇਗੀ। ਸਰਕਾਰ ਆਪਣੇ ਘਟੀਆ ਮਨਸੂਬਿਆਂ ਤੋਂ ਬਾਜ ਆ ਕੇ ਸਾਡੇ ਸਿੰਘਾਂ ਨੂੰ ਤੁਰੰਤ ਰਿਹਾਅ ਕਰੇ। ਉਹਨਾਂ ਹੈਰਾਨੀ ਪ੍ਰਗਟ ਕਰਦਿਆਂ ਕਿਹਾ ਕਿ ਹੁਣ ਅੰਮ੍ਰਿਤ ਛਕਾਉਣਾ, ਸਿੱਖੀ ਦਾ ਪ੍ਰਚਾਰ ਕਰਨਾ, ਨਸ਼ੇ ਛੁਡਾਉਣੇ ਵੀ ਸਰਕਾਰਾਂ ਦੀਆਂ ਨਿਗ੍ਹਾ ਦੇ ਵਿੱਚ ਵੱਡਾ ਗੁਨਾਹ ਬਣ ਚੁੱਕਾ ਹੈ ਤੇ ਹਿੰਦੂ ਹਾਕਮ ਤਾਂ ਅੰਗਰੇਜ਼ਾਂ ਅਤੇ ਮੁਗਲਾਂ ਨਾਲੋਂ ਵੀ ਵੱਧ ਜਾਲਮ ਨਿਕਲੇ ਹਨ।

## ਜੇਕਰ ਸਾਨੂੰ ਦਿੱਲੀ ਨਹੀਂ ਜਾਣ ਦਿੰਦੇ ਤਾਂ ਅਸੀਂ ਉਨ੍ਹਾਂ ਨੂੰ ਚੋਣਾਂ ਦੌਰਾਨ ਪਿੰਡਾਂ 'ਚ ਨਹੀਂ ਆਉਣ ਦੇਵਾਂਗੇ:ਟਿਕੈਤ

ਮੇਰਠ: ਭਾਰਤੀ ਕਿਸਾਨ ਯੂਨੀਅਨ (ਬੀ.ਕੇ.ਯੂ.) ਦੇ ਕੌਮੀ ਬੁਲਾਰੇ ਰਾਕੇਸ਼ ਟਿਕੈਤ ਨੇ ਬੁਧਵਾਰ ਨੂੰ ਕਿਹਾ ਕਿ ਜੇਕਰ ਉਹ (ਸਰਕਾਰ) ਕਿਸਾਨਾਂ ਨੂੰ ਦਿੱਲੀ ਆਉਣ ਦੀ ਇਜਾਜ਼ਤ ਨਹੀਂ ਦੇ ਰਹੇ ਹਨ ਤਾਂ ਕਿਸਾਨ ਉਨ੍ਹਾਂ ਨੂੰ ਚੋਣਾਂ 'ਚ ਪਿੰਡਾਂ 'ਚ ਨਹੀਂ ਆਉਣ ਦੇਣਗੇ। ਮੇਰਠ 'ਚ ਬੀ.ਕੇ.ਯੂ. ਨੇ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਦੀ ਕਾਨੂੰਨੀ ਗਰੰਟੀ, ਗੰਨੇ ਦੇ ਬਕਾਇਆ ਮੁੱਲ ਦਾ ਭੁਗਤਾਨ, ਕਿਸਾਨਾਂ ਵਿਰੁਧ ਕੇਸ ਵਾਪਸ ਲੈਣ ਸਮੇਤ ਹੋਰ ਮੰਗਾਂ ਨੂੰ ਲੈ ਕੇ ਜ਼ਿਲ੍ਹਾ ਹੈੱਡਕੁਆਰਟਰ 'ਤੇ ਪ੍ਰਦਰਸ਼ਨ ਕੀਤਾ। ਟਿਕੈਤ ਖੁਦ ਟਰੈਕਟਰ ਚਲਾ ਕੇ ਕਿਸਾਨਾਂ ਨਾਲ ਕਚਹਿਰੀ ਪਹੁੰਚੇ। ਇਸ ਦੌਰਾਨ ਪੁਲਿਸ ਨੇ ਕਿਸਾਨਾਂ ਨੂੰ ਰੋਕਣ ਲਈ ਕਈ ਥਾਵਾਂ 'ਤੇ ਬੈਰੀਕੇਡ ਵੀ ਲਗਾਏ ਸਨ ਪਰ ਕਿਸਾਨਾਂ ਨੇ ਉਨ੍ਹਾਂ ਨੂੰ ਜ਼ਬਰਦਸਤੀ ਰਸਤੇ ਤੋਂ ਹਟਾ ਦਿਤਾ ਅਤੇ ਅੱਗੇ ਵਧ ਗਏ। ਦਿੱਲੀ ਜਾਣ ਵਾਲੇ ਕਿਸਾਨਾਂ ਨੂੰ ਰੋਕਣ ਲਈ ਰਸਤੇ 'ਚ ਸਰਕਾਰ ਵਲੋਂ ਕੀਲ ਪਾਉਣ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ 'ਚ ਟਿਕੈਤ ਨੇ ਕਿਹਾ, ''ਰਸਤੇ 'ਚ ਕਿੱਲਾਂ ਲਾਉਣਾ ਕਿਸੇ ਵੀ ਸਥਿਤੀ 'ਚ ਸਹੀ ਨਹੀਂ ਹੈ। ਜੇ ਉਹ ਸਾਡੇ ਲਈ ਕਿੱਲਾਂ ਲਗਾਉਂਦੇ ਹਨ, ਤਾਂ ਅਸੀਂ ਅਪਣੇ ਪਿੰਡ 'ਚ ਵੀ ਕਿੱਲਾਂ ਲਗਾਵਾਂਗੇ। ਸਾਨੂੰ ਵੀ ਅਪਣੇ ਪਿੰਡਾਂ ਦੀ ਬੈਰੀਕੇਡਿੰਗ ਕਰਨੀ ਪਵੇਗੀ।


FARM MORTGAGE SPECIALIST
Please Call:
SARBJIT DUBB, AMP
Mortgage Consultant
604-780-4497
Verico A.K. Mortgage Plus Inc.
A.K. Mortgage Professional Mortgage Consultants Plus
A.K. Mortgage Plus
103-7337-137th St., Surrey
604.501.7700 • 604.780.4497
Email: Sarbjit@mtg-plus.com
www.DubbMortgages.ca
*Rates are subject to change. O.A.C. Some Conditions Apply. VERICO A.K. MORTGAGE PLUS INC
5 YEAR FIXED
5.29 %*
QUICK & EASY APPROVALS


www.deltondentures.com

# DELTON DENTURE CLINIC LTD.

Denturists Are Denture Specialist

## ਤੁਹਾਡੇ ਜੁਬਾੜੇ ਦੀਆਂ ਹਰ ਤਰ੍ਹਾਂ ਦੀਆਂ ਸੇਵਾਵਾਂ

- Complete Dentures
- Immediate Dentures
- Partial Dentures
- Dentures Over Implants
- Same Day Relines
- Repairs, Soft Linings
- Sport Guards

ਅਸੀਂ ਦੰਦ ਬਣਾਉਣ 'ਚ ਮਾਹਿਰ ਹਾਂ


CONSUMER CHOICE AWARD 2018 VANCOUVER

Business Category Denturist

WE ARE DENTURISTS

ਅਸੀਂ ਜੁਬਾੜੇ ਬਣਾਉਂਦੇ ਹਾਂ

*Get a Beautiful Smile*





**Chris Kozakiewicz**

**BSc., R.D.**

Mon-Fri: 9am-5pm, Saturdays By Appointment


**Scott 72 Shopping Centre**

#209- 7313-120th St., Delta ( Above London Drugs & Staples )

**604.590.1111**

.Ck Auto.

# CK AUTO SERVICES LTD.



- Tune Ups
- Oil Change
- Wheel alignment
- Transmission
- Electrical
- Air Condition
- Electronic Fuel Injection
- Brakes
- Repairs
- Propane & Natural Gas
- Computerized Wheel Alignment
- Tires & Wheel Balancing

Ck Auto AUTO REPAIR SERVICES



-REASONABLE RATES

-EXPERIENCED -QUALITY WORK

.Ck Auto.



TARSHOTAM BIRAN

**Cell: 778-322-1610**

**Tel: 604-592-2667**

#106-13112-84th Ave.,Surrey

Open Mon to Sat 9 am to 6pm

SUNDAY CLOSED

ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ (India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

#1 Services On Your Special Events

SARDAR JI CATERING

# SARDAR JI CATERING

Website:www.sardarjicatering.com



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ

- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

*No matter the Event *Count on us * Available for all occasions

## ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: **Off:206-517-4444, Cell:206-771-5079**

6417 Roosevelt Way NE #105, Seattle WA 98115 Email:sardarjicatering@gmail.com

ਦੇਗ ਤੇਗ ਫਤਹਿ

ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530



ਬੁੱਧਵਾਰ ਅਤੇ ਐਤਵਾਰ ਦੁਪਹਿਰ 12 ਵਜੇ ਤੋਂ 2 ਵਜੇ ਤੱਕ ਬੀਬੀਆਂ ਵੱਲੋਂ ਮੇਨ ਹਾਲ ਵਿਚ ਸ੍ਰੀ ਸੁਖਮਨੀ ਸਾਹਿਬ ਦੇ ਜਾਪ ਕੀਤੇ ਜਾਂਦੇ ਹਨ ਅਤੇ ਸੋਮਵਾਰ ਤੋਂ ਸ਼ੁੱਕਰਵਾਰ ਦੁਪਹਿਰ 1 ਵਜੇ ਤੋਂ 3 ਵਜੇ ਤੱਕ ਵਾਹਿਗੁਰੂ ਸਿਮਰਨ ਕੀਤਾ ਜਾਂਦਾ ਹੈ

## ਸਵੇਰ ਦੇ ਨਿਤਨੇਮ

*ਪ੍ਰਕਾਸ਼ ਸਵੇਰੇ 3.30 ਵਜੇ *ਸਿਮਰਨ ਸਵੇਰੇ 4 ਵਜੇ ਤੋਂ 5 ਵਜੇ ਤੱਕ

*5 ਬਾਣੀਆਂ ਦੇ ਨਿਤਨੇਮ 5 ਵਜੇ ਤੋਂ 6.30 ਵਜੇ ਤੱਕ

*ਕੀਰਤਨ ਆਸਾ ਦੀ ਵਾਰ 6.30 ਤੋਂ 8 ਵਜੇ ਤੱਕ

*ਕਥਾ 8 ਵਜੇ ਤੋਂ 9 ਵਜੇ ਤੱਕ ਉਪਰੰਤ ਅਰਦਾਸ ਅਤੇ ਸਮਾਪਤੀ

## ਸ਼ਾਮ ਦੇ ਨਿਤਨੇਮ

*ਸ਼ਬਦ ਕੀਰਤਨ 2.45 ਤੋਂ 3.45 ਤੱਕ *ਸੋ-ਦਰ ਚੌਂਕੀ 3.45 ਤੋਂ 4.45 ਤੱਕ

*ਪਾਠ ਸ੍ਰੀ ਰਹਿਰਾਸ ਸਾਹਿਬ ਅਤੇ ਅਰਦਾਸ 4.45 ਤੋਂ 5.30

*ਆਰਤੀ ਚੌਂਕੀ 5.30 ਤੋਂ 6.15 *ਕਥਾ 6.15 ਤੋਂ 6.50 ਵਜੇ ਤੱਕ

*ਢਾਡੀ 6.50 ਤੋਂ 7.40 ਤੱਕ ਉਪਰੰਤ ਅਰਦਾਸ ਅਤੇ ਸਮਾਪਤੀ

## ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

ਰਾਗੀ ਜਥੇ:ਭਾਈ ਗੁਰਇੰਦਰ ਸਿੰਘ ਜ਼ੀਰਾ ਵਾਲਿਆਂ ਦਾ ਜਥਾ, ਭਾਈ ਅਵਤਾਰ ਸਿੰਘ ਲੁਧਿਆਣਾ ਵਾਲੇ,
ਢਾਡੀ ਜਥਾ:ਭਾਈ ਮਨਪ੍ਰੀਤ ਸਿੰਘ ਅਕਾਲਗੜ




## ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

ਗੁਰਦੁਆਰਾ ਸਾਹਿਬ:604-504-5530

ਬਲਵੀਰ ਸਿੰਘ ਬਨਵੈਤ (ਪ੍ਰਧਾਨ):604-636-4247, ਮਨਜੀਤ ਸਿੰਘ ਗਰੇਵਾਲ (ਜਨਰਲ ਸੈਕਟਰੀ):778-908-1570
ਭਾਈ ਹਰਜੀਤ ਸਿੰਘ (ਹੈੱਡ ਗ੍ਰੰਥੀ):778-201-5310, ਭਾਈ ਬਲਵਿੰਦਰ ਸਿੰਘ ਭੌਰਲਾ (ਗ੍ਰੰਥੀ), ਭਾਈ ਹੁਸ਼ਿਆਰ ਸਿੰਘ (ਗ੍ਰੰਥੀ)

ਸ੍ਰੀ ਗੁਰੂ ਰਵਿਦਾਸ ਸ਼ਕਤੀ ਅਮਰ ਰਹੇ

ਸ੍ਰੀ ਗੁਰੂ ਰਵਿਦਾਸ ਸ਼ਕਤੀ ਅਮਰ ਰਹੇ

# SHRI GURU RAVIDASS SABHA, VANCOUVER

7271 - GILLEY AVENUE, BURNABY BC CANADA, V5J 4W9 TEL: 604 435 9997 FAX: 604 435 7771

Web: www.gururavidasssabha.ca E-mail: info@gururavidasssabha.com

ਜੈ ਗੁਰੂਦੇਵ ।। ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ।। ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ।। ਜੈ ਭੀਮ ।।




# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 647ਵੇਂ ਪ੍ਰਕਾਸ਼ ਪੁਰਬ ਦੀਆਂ ਸਮੁੱਚੀਆਂ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

**ਇਸ ਸਾਲ 24 ਫਰਵਰੀ ਦਿਨ ਸ਼ਨਿਚਰਵਾਰ ਨੂੰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ ਆ ਰਿਹਾ ਹੈ। ਇਸ ਪਵਿੱਤਰ ਦਿਹਾੜੇ ਨੂੰ ਮੁੱਖ ਰੱਖਦਿਆਂ 11 ਫਰਵਰੀ ਦਿਨ ਐਤਵਾਰ ਸਵੇਰੇ 10 ਵਜੇ ਸ੍ਰੀ ਸਹਿਜ ਪਾਠ ਆਰੰਭ ਕੀਤੇ ਜਾਣਗੇ ਅਤੇ 24 ਫਰਵਰੀ ਦਿਨ ਸ਼ਨਿਚਰਵਾਰ ਸਵੇਰੇ 10 ਵਜੇ ਸ੍ਰੀ ਸਹਿਜਪਾਠ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦੀਵਾਨ ਸਜਣਗੇ ਅਤੇ ਗੁਰੂ ਕੇ ਲੰਗਰ ਅਤੁੱਟ ਵਰਤਣਗੇ।**

## ਪ੍ਰਕਾਸ਼ ਪੁਰਬ ਦੇ ਸਬੰਧ ਵਿਚ ਸ੍ਰੀ ਅਖੰਡਪਾਠ ਸਾਹਿਬ ਦੀ ਸੇਵਾ

23 ਫਰਵਰੀ ਦਿਨ ਸ਼ੁੱਕਰਵਾਰ ਆਰੰਭ ਸ੍ਰੀ ਅਖੰਡਪਾਠ ਸਾਹਿਬ ਸਵੇਰੇ 10 ਵਜੇ
24 ਫਰਵਰੀ ਦਿਨ ਸ਼ਨਿਚਰਵਾਰ ਨਿਸ਼ਾਨ ਸਾਹਿਬ ਦੀ ਸੇਵਾ ਸਵੇਰੇ 11.30 ਵਜੇ
25 ਫਰਵਰੀ ਦਿਨ ਐਤਵਾਰ ਭੋਗ ਸ੍ਰੀ ਅਖੰਡਪਾਠ ਸਾਹਿਬ ਸਵੇਰੇ 11.30 ਵਜੇ

## ਗੁਰੂ ਕੇ ਲੰਗਰ, ਦੇਗਾਂ ਅਤੇ ਨਿਸ਼ਾਨ ਸਾਹਿਬ ਦੀ ਸੇਵਾ

23 ਫਰਵਰੀ, 2024 ਦਿਨ ਸ਼ੁੱਕਰਵਾਰ ਵਾਲੇ ਦਿਨ ਲੰਗਰਾਂ ਅਤੇ ਦੇਗਾਂ ਦੀ ਸੇਵਾ ਹੇਠ ਲਿਖੇ ਸ਼ਰਧਾਲੂ ਪਰਿਵਾਰਾਂ ਵੱਲੋਂ ਕੀਤੀ ਜਾਵੇਗੀ

ਬਿਮਲ ਬੈਂਸ ਬਲਵੀਰੋ ਬੈਂਸ, ਸ਼ਿੰਗਾਰਾ ਔਜਲਾ, ਬੀਬੀ ਸੰਧੂ ਔਜਲਾ, ਲੇਖ ਰਾਜ ਦਾਦਰਾ, ਪਰਮਜੀਤ ਕੈਂਥ, ਰਾਜਾ ਬੰਗੜ, ਹਰੀਸ਼ ਬੈਂਸ ਬੀਬੀ ਪੁਸ਼ਵਿੰਦਰ ਬੈਂਸ, ਪ੍ਰਦੀਪ ਮਹੇਂ, ਸੁਰਿੰਦਰ ਝੱਲੀ, ਬੀਬੀ ਸੁਦੇਸ਼ ਝੱਲੀ, ਰਾਜਿੰਦਰ ਹੀਰਾ ਅਤੇ ਬੀਬੀ ਊਸ਼ਾ ਹੀਰ

24 ਫਰਵਰੀ ਦਿਨ ਸ਼ਨਿਚਰਵਾਰ, 2024 ਵਾਲੇ ਦਿਨ ਲੰਗਰਾਂ ਤੇ ਦੇਗਾਂ ਦੀ ਸੇਵਾ ਅਤੇ ਨਿਸ਼ਾਨ ਸਾਹਿਬ ਦੀ ਸੇਵਾ ਕਮਲ ਝੱਲੀ ਤੇ ਸਮੂਹ ਝੱਲੀ ਪਰਿਵਾਰ ਤੇ ਹੋਰ ਰਿਸ਼ਤੇਦਾਰ ਪਰਿਵਾਰਾਂ ਵੱਲੋਂ ਹੋਵੇਗੀ।

25 ਫਰਵਰੀ ਦਿਨ ਐਤਵਾਰ, 2024 ਵਾਲੇ ਦਿਨ ਲੰਗਰਾਂ ਤੇ ਦੇਗਾਂ ਦੀ ਸੇਵਾ ਦਿਲਬਾਗ ਰਾਏ ਜੀ ਦੇ ਪਰਿਵਾਰ ਤੇ ਰਿਸ਼ਤੇਦਾਰ ਪਰਿਵਾਰਾਂ ਵੱਲੋਂ ਹੋਵੇਗੀ।

ਨੋਟ:ਤਿੰਨੇ ਹੀ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਣਗੇ ਤੇ ਕੀਰਤਨ ਦੀਵਾਨ ਸਜਣਗੇ।

ਗੁਰੂ ਪਿਆਰੀ ਸਾਧ ਸੰਗਤ ਜੀ, ਬਹੁਤ ਹੀ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂਘਰ ਦੀ ਨਵੀਂ ਇਮਾਰਤ ਦਾ ਕੰਮ ਸ਼ੁਰੂ ਹੋ ਚੁੱਕਾ ਹੈ, ਸੋ ਆਪਣੀ ਕਿਰਤ ਕਮਾਈ ਨੂੰ ਸਫਲਾ ਕਰਦੇ ਹੋਏ ਵੱਧ ਤੋਂ ਵੱਧ ਮਾਇਆ ਦਾਨ ਕਰੋ ਜੀ ਤਾਂ ਜੋ ਗੁਰੂਘਰ ਦੀ ਨਵੀਂ ਇਮਾਰਤ ਦਾ ਕੰਮ ਨੇਪਰੇ ਚੜ੍ਹ ਸਕੇ ਜੀ। ਧੰਨਵਾਦ

Watch Live Programme on Facebook page at Shri Guru Ravidass Sabha Vancouver, British Columbia

ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਜਿਨ੍ਹਾਂ ਪਰਿਵਾਰਾਂ ਦੇ ਪਤੇ, ਫੋਨ ਨੰਬਰ ਅਤੇ ਈਮੇਲ ਬਦਲ ਗਏ ਹਨ, ਕਿਰਪਾ ਕਰਕੇ ਪ੍ਰਬੰਧਕ ਕਮੇਟੀ ਨੂੰ ਨੋਟ ਕਰਵਾ ਦਿਓ ਜੀ।

ਲੰਗਰ, ਵਿਆਹ ਸ਼ਾਦੀ, ਅਖੰਡ ਪਾਠ ਸਾਹਿਬ, ਜਨਮ ਦਿਨ ਅਤੇ ਹੋਰ ਪ੍ਰੋਗਰਾਮ ਦੀ ਬੁਕਿੰਗ ਕਰਵਾਉਣ ਵਾਸਤੇ ਗੁਰਦੁਆਰਾ ਸਾਹਿਬ ਵਿਖੇ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ:

TO BOOK PROGRAMS OR GURDWARA SEVA AND OTHER INFORMATION PLEASE CONTACT: 604-435-9997

ਅਸੀਂ ਗੁਰੂ ਰਵਿਦਾਸ ਸਭਾ 'ਚ ਲੰਗਰ ਸੇਵਾ ਲੈਣ ਲਈ ਕਮਿਊਨਿਟੀ/ਸੰਗਤ ਨੂੰ ਬੇਨਤੀ ਕਰਦੇ ਹਾਂ। ਲੰਗਰ ਸੇਵਾ ਦੇ ਦਿਨਾਂ ਦੀ ਉਪਲੱਬਧਤਾ ਬਾਰੇ ਜਾਣਕਾਰੀ ਲੈਣ ਲਈ ਕ੍ਰਿਪਾ ਸੰਪਰਕ ਕਰੋ:

President
BILL BASRA 604-725-4048
Vice Presidents:
HUKAM CHAND 604-364-7890
2nd Vice Presidents:
PARMJIT S. KAINTH 604-773-9393

General Secretary
GURMUKH SINGH SIDHU
778-898-6813
Assistant Secretary:
ARONJIT LAGERI 778-251-2138

Treasurer
HARBHAJAN LAL MAHEY
604-724-5333
Assistant Treasurer:
RAJKUMAR BANGER 778-227-2459

BOARD OF DIRECTORS:
Harvinder Lalli
Parmjeet Saroya
Surinder Kalsi
Santokh Ram Jassal
Rajesh Kumar Toora
Balmukand Singh

BOARD OF TRUSTEES
Gurbaksh Singh Dhanda
Harjinder Singh Sahni
Sudarshan Kumar Ardhawa
Makhan Ram Chamba
Shingara Ram Aujla
Piara Singh Hira
Prem Nath Mall


LANGLEY
BANQUET HALL
ਵਿਆਹ-ਸ਼ਾਦੀ, ਜਨਮ ਦਿਨ
ਜਾ ਹੋਰ ਕਿਸੇ ਵੀ ਖੁਸ਼ੀ ਦੇ
ਮੌਕੇ 'ਤੇ ਪਾਰਟੀ ਆਦਿ ਲਈ
ਲੈਂਗਲੀ
ਬੈਂਕੁਇਟ ਹਾਲ
ਬੁੱਕ ਕਰੋ।
• Wedding • Corporate Events
• Private Dinner • Bithday Parties
• Gurudwara and Live Catering
ਅਸੀਂ ਗੁਰਦੁਆਰਾ, ਮੰਦਰ, ਵਿਆਹ ਸ਼ਾਦੀਆਂ ਜਾਂ ਹੋਰ
ਕਿਸੇ ਵੀ ਤਰ੍ਹਾਂ ਦੇ ਫੰਕਸ਼ਨ ਲਈ ਵਾਜਿਬ ਕੀਮਤਾਂ ਤੇ ਕੇਟਰਿੰਗ ਵੀ ਕਰਦੇ ਹਾਂ।
Call:Davinder Grewal
604-537-9759
info@langleybanquethall.com
3227 264 St UNIT #6, Aldergrove, BC V4W 2X3


ਪੰਜਾਬ ਦੀ ਤੁਹਾਡੀ ਜ਼ਮੀਨ ਨਾਲ ਜੁੜਿਆ ਕੋਈ ਵੀ ਕੰਮ ਜਾਂ ਮਸਲਾ ਹੋਵੇ
ਸਾਬਕਾ ਸੀਨੀਅਰ ਅਧਿਕਾਰੀ ਅਤੇ ਪੰਜਾਬ ਰੈਵੇਨਿਊ ਦੇ ਮਾਹਿਰ
ਸ. ਹਰਚਰਨ ਸਿੰਘ ਸੰਧੂ ਪੀ ਸੀ ਐੱਸ (ਰਿਟਾ:)
ਨੂੰ ਫੋਨ ਕਰੋ: 604-518-3637
ਜਾਂ ਈਮੇਲ ਕਰੋ hssandhupcs@gmail.com


FOR ALL YOUR DENTAL NEEDS
In Cloverdale & South Surrey
CLOVERDALE VILLAGE
DENTAL
Dr. Inderpreet Sandhu
BDS, DDS
Services Provided
• Dental Exams/X-rays
• Dental Fillings
• Extractions/Oral Surgery
• Teeth Whitening
• Cleaning & Polishing
• Crowns & Bridges
• Dentures & Mouth Guards
• Root Canal Treatment
A House of Family Dentistry
5635 - 176A Street, Surrey, BC
(across the street from Cloverdale Library)
Cloverdalevillagedental@gmail.com
604-579-0102


DREAM BANQUET HALL
Birthday, Wedding, Reception, anniversary, Jago, Kitty Parties,
Graduation, Seminars, Fund Raising, Business Meeting, Corporate Events
Capacity
350-375 seats
Dream Catering "Your Venue, Our Food"
We provide various Menu
Options to choose
ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ,
ਸੈਮੀਨਾਰ, ਫੰਡ ਰੇਜ਼ਿੰਗ, ਬਿਜਨਸ ਮੀਟਿੰਗ, ਕਾਰਪੋਰੇਟ ਈਵੈਂਟ
ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ
For Bookings, Contact: 604-203-7272
7236 -120St, Surrey, BC
Email:info@dreambanquethall.ca


ਇੰਡੋ-ਕੈਨੇਡਾ ਟਰੈਵਲ ਏਜੰਸੀ
INDO
CANADA
TRAVEL AGENCY
ਘੱਟ ਕਿਰਾਇਆ - ਸਹੀ ਸਲਾਹ
Best Airfares with Quality Assistance
ਇੰਡੀਆ ਅਤੇ ਦੁਨੀਆਂ ਭਰ ਵਿੱਚ ਕਿਤੇ ਵੀ ਜਾਣ-ਆਉਣ ਲਈ
ਸਪੈਸ਼ਲ ਰੇਟ ਤੇ ਟਿੱਕਟਾਂ ਖ਼ਰੀਦੋ
+1 604 388 9696 , 604 503 8011
#217-8028-128St, Surrey, BC
(Little India Plaza) (Second Floor)

# ਕਾਰਪੋਰੇਟ ਤੰਤਰ ਲੋਕਤੰਤਰੀ ਵਿਵਸਥਾ ਦਾ ਕਰ ਰਿਹੈ ਘਾਣ

ਅਜੋਕੀ ਵਿਸ਼ਵ ਵਿਆਪੀ ਲੋਕਤੰਤਰੀ ਵਿਵਸਥਾ ’ਤੇ ਜੇਕਰ ਗਹੁ ਨਾਲ ਝਾਤ ਮਾਰੀ ਜਾਏ, ਇਸਦਾ ਡੂੰਘਾ ਵਿਸ਼ਲੇਸ਼ਣ ਕੀਤਾ ਜਾਏ ਤਾਂ ਅਜੋਕੇ ਗਲੋਬਲ ਰਾਜਨੀਤਕ ਅਤੇ ਯੁੱਧਨੀਤਕ ਸੰਦਰਭ ਵਿੱਚ ਇਸਦੀ ਪ੍ਰੀਭਾਸ਼ਾ ਬਿਲਕੁਲ ਬਦਲ ਗਈ ਵਿਖਾਈ ਦੇ ਰਹੀ ਹੈ।

ਅਮਰੀਕੀ ਰਾਸ਼ਟਰਪਤੀ ਆਬਰਾਹਮ ਲਿੰਕਨ ਵੱਲੋਂ 19ਵੀਂ ਸਦੀ ਵਿੱਚ ਘੜੀ ਗਈ ਅਤੇ ਪ੍ਰਚਲਤ ਪ੍ਰੀਭਾਸ਼ਾ ਲੋਕਤੰਤਰ ਲੋਕਾਂ ਲਈ, ਲੋਕਾਂ ਦੀ ਅਤੇ ਲੋਕਾਂ ਦੁਆਰਾ ਚੁਣੀ ਹੋਈ ਸਰਕਾਰ ਹੁੰਦੀ ਹੈ, ਹੁਣ ਬਿਲਕੁਲ ਬਦਲ ਚੁੱਕੀ ਹੈ। ਅਜੋਕੀ ਪ੍ਰੀਭਾਸ਼ਾ ਲੋਕਤੰਤਰ ਕਾਰਪੋਰੇਟਰਾਂ ਲਈ, ਕਾਰਪੋਰੇਟਰਾਂ ਦੀ ਅਤੇ ਕਾਰਪੋਰੇਟਰਾਂ ਦੁਆਰਾ ਚੁਣੀ ਹੋਈ ਸਰਕਾਰ ਸਥਾਪਿਤ ਹੋ ਚੁੱਕੀ ਹੈ।

ਕਾਰਪੋਰੇਟਰ ਲੋਕਤੰਤਰੀ ਵਰਤਾਰਾ ਦੂਸਰੀ ਵਿਸ਼ਵ ਜੰਗ ਬਾਅਦ ਸ਼ੁਰੂ ਹੋ ਚੁੱਕਾ ਸੀ। ਸੰਨ 1947 ਵਿੱਚ ਭਾਰਤ ਦੀ ਅਜ਼ਾਦੀ ਅਤੇ ਇਸਦੀ ਭਿਆਨਕ ਮਾਰੂ ਵੰਡ, ਸੰਨ 1948 ਵਿੱਚ ਅਰਬ ਖੇਤਰ ਅੰਦਰ ਇਸਰਾਈਲ ਰਾਸ਼ਟਰ ਦੀ ਸਥਾਪਨਾ ਦੀ ਦਾਸਤਾਨ ਪੱਛਮੀ ਅਤੇ ਖਾਸ ਕਰਕੇ ਅਮਰੀਕੀ ਕਾਰਪੋਰੇਟਰ ਸ਼ਕਤੀਆਂ ਵੱਲੋਂ ਲਿਖੀ ਗਈ ਸੀ। ਇਨ੍ਹਾਂ ਖਿੱਤਿਆਂ ਵਿੱਚ ਸਦੀਵੀ ਇਲਾਕਾਈ, ਧਾਰਮਿਕ ਅਤੇ ਘੱਟ-ਗਿਣਤੀਆਂ ਦੇ ਘਾਣ ਸੰਬੰਧੀ ਜੰਗਾਂ ਜਾਰੀ ਰੱਖਣ ਖਾਤਰ ਅਜਿਹਾ ਕੀਤਾ ਗਿਆ। ਸੰਨ 1989-91 ਵਿੱਚ ਸੋਵੀਅਤ ਰੂਸ ਅਤੇ ਉਸ ਦੇ ਸੈਟਾਲਾਈਟ ਰਾਸ਼ਟਰਾਂ ਦਾ ਖਾਤਮਾ, ਚੀਨੀ ਕਮਿਊਨਿਜ਼ਮ ਦਾ ਕਾਰਪੋਰੇਟੀਕਰਨ ਇਸੇ ਦੀ ਦੇਣ ਹਨ।

### ਭਾਰਤ ਉੱਤੇ ਪ੍ਰਭਾਵ

ਭਾਰਤ ਅੰਦਰ ਔਜੋਕੇ ਭਾਜਪਾ-ਆਰ.ਐੱਸ.ਐੱਸ. ਦੀ ਅਗਵਾਈ ਵਾਲਾ ਸ਼੍ਰੀ ਨਰੇਂਦਰ ਮੋਦੀ ਸ਼ਾਸਨ ਨਿਰੋਲ ਕਾਰਪੋਰੇਟ ਲੋਕਤੰਤਰ ਸ਼ਾਸਨ ਸਥਾਪਿਤ ਹੋ ਚੁੱਕਾ ਹੈ। ਭਾਰਤੀ ਸੰਵਿਧਾਨ, ਕਾਰਜਪਾਲਿਕਾ, ਨਿਆਂਪਾਲਕਾ, ਵਿਧਾਨਪਾਲਕਾ, ਮੀਡੀਆ, ਬਾਬੂਸ਼ਾਹੀ ਆਦਿ ਦਾ ਲਗਾਤਾਰ ਕਾਰਪੋਰੇਟ ਲੋਕਤੰਤਰੀਕਰਨ ਹੋ ਰਿਹਾ ਹੈ। ਅਜੋਕੀ ਵੱਡੀ ਮਿਸਾਲ ਭਾਰਤੀ ਚੋਣ ਕਮਿਸ਼ਨ ਦਾ ਨਿਯੁਕਤੀਕਰਨ ਅਤੇ ਭਾਰਤੀ ਨਿਆਂਪਾਲਿਕਾ ਵੱਲੋਂ ਇਸ ਨਾਲ ਸਹਿਮਤੀ ਜਿਤਾਉਣਾ ਹੈ। ਕਾਂਗਰਸ ਪਾਰਟੀ ਤਾਂ ਸ਼ੁਰੂ ਤੋਂ ਹੀ ਇਸਦੀ ਬਾਂਦੀ ਰਹੀ ਹੈ। ਸ਼੍ਰੀ ਰਾਜੀਵ ਗਾਂਧੀ, ਨਰਸਿਮਹਾ ਰਾਉ ਅਤੇ ਡਾ. ਮਨਮੋਹਨ ਸਿੰਘ ਸਰਕਾਰਾਂ ਤਾਂ ਖੁੱਲ੍ਹ ਕੇ ਇਸਦੀਆਂ ਬਾਂਦੀਆਂ ਸਨ। ਭਾਰਤ-ਚੀਨ ਜੰਗ ਅਤੇ ਲਗਾਤਾਰ ਸਰਹੱਦੀ ਖਿੱਚੋਤਾਣ, ਭਾਰਤੀ-ਪਾਕਿਸਤਾਨ ਜੰਗਾਂ, ਪੰਜਾਬ ਅੰਦਰ ਨੀਲਾ ਤਾਰਾ ਅਪਰੇਸ਼ਨ, ਨਵੰਬਰ ‘84 ਸਿੱਖ ਕਤਲ-ਏ-ਆਮ, ਗੁਜਰਾਤ ਅੰਦਰ ਗੋਧਰਾ ਅਤੇ ਉਪਰੰਤ ਤਿੰਨ ਰੋਜ਼ਾ ਫਿਰਕੂਘਾਣ ਆਦਿ ਇਸੇ ਕਾਰਪੋਰੇਟਰ ਲੋਕਤੰਤਰੀ ਵਿਵਸਥਾ ਦੇ ਕਾਰਨਾਮੇ ਸਨ ਜਿਨ੍ਹਾਂ ਦੇ ਸ਼੍ਰੀਮਤੀ ਇੰਦਰਾ ਗਾਂਧੀ, ਸ਼੍ਰੀ ਰਾਜੀਵ ਗਾਂਧੀ ਪ੍ਰਧਾਨ ਮੰਤਰੀ ਅਤੇ ਸ਼੍ਰੀ ਨਰੇਂਦਰ ਮੋਦੀ ਮੁੱਖ ਸ਼ਾਸਕ ਚਿਹਰੇ ਬਣੇ।

### ਗਲੋਬਲ ਪ੍ਰਭਾਵ:


ਅਜੋਕੇ ਵਿਸ਼ਵ ਅੰਦਰ ਕਾਰਪੋਰੇਟ ਲੋਕਤੰਤਰੀ ਵਿਵਸਥਾ ਪੂਰੀ ਤਰ੍ਹਾਂ ਸਥਾਪਿਤ ਨਜ਼ਰ ਆ ਰਹੀ ਹੈ। ਭਾਰਤ ਅੰਦਰ ਇਸ ਸਾਲ ਅਪਰੈਲ-ਮਈ ਅੰਦਰ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ ਇਸ ਵਿਵਸਥਾ ਵੱਲੋਂ ਖੁੱਲ੍ਹ ਕੇ ਲੜੀਆਂ ਜਾ ਰਹੀਆਂ ਹਨ। ਕਾਰਪੋਰੇਟ ਲੋਕਤੰਤਰ ਦੇ ਪ੍ਰਮੁੱਖ ਫੀਚਰ ਬਦਲ ਚੁੱਕੇ ਹਨ। ਪਬਲਿਕ ਸਬਸਿਡੀਆਂ ਦਾ ਤੜਕਾ, ਨਿੱਜੀ ਮੁਨਾਫਾਖੋਰੀ, ਅਮੀਰਾਂ ਲਈ ਸਮਾਜਵਾਦ ਸਥਾਪਤੀ, ਗਰੀਬਾਂ ਲਈ ਸਰਮਾਏਦਾਰਾਨਾ ਸਥਾਪਤੀ ਅਤੇ ਆਰਥਿਕ ਮਜ਼ਬੂਤੀ ਲਈ ਵਿਸ਼ਵ ਦੇ ਵੱਖ-ਵੱਖ ਖੇਤਰਾਂ ਵਿੱਚ ਜੰਗਾਂ ਦਾ ਸਥਾਈ ਤਵੀਕਰਨ ਇਸਦੀਆਂ ਪ੍ਰਮੁੱਖ ਜ਼ਰੂਰਤਾਂ ਹਨ। ਇੱਕ ਪਾਸੇ ਭਾਰਤ ਨੂੰ ਵਿਸ਼ਵ ਦੀ 5ਵੀਂ ਆਰਥਿਕ ਸ਼ਕਤੀ ਗਰਦਾਨਣਾ, ਦੂਸਰੇ ਪਾਸੇ ਪਬਲਿਕ ਸਬਸਿਡੀਆਂ ਦੇ ਤੜਕੇ ਜਾਰੀ ਰੱਖਣਾ, ਮਿਸਾਲ ਵਜੋਂ 82 ਕਰੋੜ ਗੁਰਬਤ ਮਾਰੇ ਲੋਕਾਂ ਨੂੰ ਅਗਲੇ 5 ਸਾਲ ਮੁਫ਼ਤ ਅਨਾਜ ਮੁਹਈਆ ਕਰਾਉਣਾ। ਜਦਕਿ ਸਚਾਈ ਇਹ ਹੈ ਕਿ ਪ੍ਰਤੀ ਜੀਅ ਆਮਦਨ ਪੱਖੋਂ ਇਸ ਵਿਸ਼ਵ ਦੀ 5ਵੀਂ ਅਰਥ ਵਿਵਸਥਾ 200 ਦੇਸ਼ਾਂ ਵਿੱਚ 120ਵਾਂ ਸਥਾਨ ਰੱਖਦੀ ਹੈ। ਅਟਲ ਪੈਨਸ਼ਨ ਯੋਜਨਾ, ਸਵੱਛ ਭਾਰਤ ਅਭਿਯਾਨ, ਆਯੂਸ਼ਮਾਨ ਭਾਰਤ ਯੋਜਨਾ, ਮਤਸਿਆ ਸੰਪਦਾ ਯੋਜਨਾ, ਆਵਾਸ ਯੋਜਨਾ, ਕਿਸਾਨ ਸਨਮਾਨ ਨਿਧੀ, ਗਰੀਬ ਕਲਿਆਣ ਯੋਜਨਾ, ਜਨ ਧਨ ਯੋਜਨਾ, ਉਜਾਲਾ ਯੋਜਨਾ, ਡਿਜਿਟਲ ਇੰਡੀਆ, ਸਮਾਰਟ ਸਿਟੀ ਯੋਜਨਾ, ਸਵਸਥ ਸੁਰੱਖਿਆ ਯੋਜਨਾ, ਸੜਕ ਯੋਜਨਾ ਆਦਿ ਦੀ ਲੰਬੀ ਸੂਚੀ ਹੈ। ਵਿਸ਼ਵ ਦੇ ਦੂਸਰੇ ਦੇਸ਼ਾਂ ਵਿੱਚ ਵੀ ਐਸੀਆਂ ਯੋਜਨਾਵਾਂ, ਸਕੀਮਾਂ, ਪ੍ਰੋਗਰਾਮਾਂ ਦਾ ਬੋਲਬਾਲਾ ਹੈ।

### ਪੱਤਰਕਾਰਤਾ ਉੱਤੇ ਗਲਬਾ:

ਲੋਕਤੰਤਰ ਅੰਦਰ ਪੱਤਰਕਾਰਤਾ ਨੂੰ ਚੌਥਾ ਵੱਡਾ ਅਤੇ ਤਾਕਤਵਰ ਸਤੰਭ ਮੰਨਿਆ ਜਾਂਦਾ ਰਿਹਾ ਹੈ। ਪੱਤਰਕਾਰਤਾ ਦੀ ਅਜ਼ਾਦੀ ਲੋਕਤੰਤਰ ਦੀ ਪ੍ਰਮੁੱਖ ਵਿਸ਼ੇਸ਼ਤਾ ਹੁੰਦੀ ਸੀ। ਬੇਬਾਕੀ ਨਾਲ ਸਰਕਾਰਾਂ ਅਤੇ ਸਮਾਜ ਨੂੰ ਉਸਦੀਆਂ ਕਮਜ਼ੋਰੀਆਂ ਦਾ ਸ਼ੀਸ਼ਾ ਵਿਖਾਉਣ ਕਰਕੇ ਇਹ ਮਸ਼ਹੂਰ ਹੁੰਦੀ ਸੀ। ਸਥਾਨਿਕ, ਇਲਾਕਾਈ, ਰਾਸ਼ਟਰੀ ਅਤੇ ਗਲੋਬਲ ਪੱਧਰ ’ਤੇ ਖੋਜੀ ਅਤੇ ਸਨਸਨੀਖੇਜ਼ ਮੁਹਾਰਤ ਨਾਲ ਇਹ ਸਚਾਈ ਲੱਭ ਲਿਆਉਂਦੀ ਸੀ। ਹਿਟਲਰ, ਮੁਸੋਲਿਨੀ ਵਰਗੇ ਡਿਕਟੇਟਰਾਂ ਦੇ ਝੂਠੇ ਪ੍ਰਾਪੇਗੰਡੇ, ਵਾਟਰਗੇਟ ਰਾਹੀਂ ਅਮਰੀਕੀ ਪ੍ਰਧਾਨ ਨਿਕਸਨ ਵਰਗਿਆਂ ਦੇ ਕਾਰਨਾਮੇ ਬੇਪਰਦਾ ਕਰਨ ਦੀ ਸ਼ਕਤੀ ਰੱਖਦੀ ਸੀ। ਰਾਜਨੀਤੀਵਾਨਾਂ, ਸਰਕਾਰਾਂ ਅਤੇ ਬਾਬੂਸ਼ਾਹਾਂ ਦੇ ਭ੍ਰਿਸ਼ਟਾਚਾਰ, ਘੱਟ ਗਿਣਤੀਆਂ ਉੱਤੇ ਜ਼ੁਲਮ, ਨਸ਼ੀਲੇ ਅਤੇ ਹੋਰ ਕੀਮਤੀ ਪਦਾਰਥਾਂ ਦੀ ਸਮਲਿੰਗ, ਕਾਲ ਗਰਲਜ਼ ਨਾਲ ਲੁਕਵੇਂ ਸੰਬੰਧਾਂ ਦਾ ਪਰਦਾਫਾਸ਼ ਕਰਦੀ ਸੀ। ਲੇਕਿਨ ਅਜੋਕੀ ਕਾਰਪੋਰੇਟ ਲੋਕਤੰਤਰੀ ਵਿਵਸਥਾ ਵਿੱਚ ਮੀਡੀਆ ਸਾਧਨ ਅਤੇ ਪੱਤਰਕਾਰਤਾ ਚੰਦ ਛਿੱਲੜਾਂ ਅਤੇ ਰੋਜ਼ੀ-ਰੋਟੀ ਖਾਤਰ ਗੁਲਾਮ ਬਣ ਕੇ ਰਹਿ ਗਏ ਹਨ। ਸਵੈਮਾਣਤਾ, ਖੁਦਮੁਖਤਾਰੀ, ਉੱਚ ਕਦਰਾਂ-ਕੀਮਤਾਂ, ਨਿਰਛਲਤਾ, ਨਿਡਰਤਾ ਘੱਟੇ-ਕੌਡੀਆਂ ਰੁਲ ਚੁੱਕੇ ਹਨ। ਸਰਵੋਤਮ ਮੀਡੀਆ ਕੰਪਨੀਆਂ ਜਿਵੇਂ ਇੰਟਰਨੈੱਟ, ਟਵਿਟਰ, ਫੇਸਬੁੱਕ, ਗੂਗਲ ਆਦਿ ਉੱਤੇ ਉੱਤਰੀ ਅਮਰੀਕੀ ਕਾਰਪੋਰੇਟ ਜਗਤ ਦਾ ਕਬਜ਼ਾ ਹੈ।

### ਬਦਨਾਮ ਕਾਰਨਾਮੇ:

ਵਿਸ਼ਵ ਭਰ ਦੇ ਵੱਖ-ਵੱਖ ਖਿੱਤਿਆਂ ਵਿੱਚ ਜੰਗਾਂ, ਜੰਗੀ ਸਮਾਨ ਦੀ ਜਮ੍ਹਾਂਖੋਰੀ ਇਸ ਵਿਵਸਥਾ ਦਾ ਵੱਡਾ ਵਪਾਰਕ ਮਾਧਿਅਮ ਬਣਿਆ ਪਿਆ ਹੈ। ਨੌਂ-ਗਿਆਰਾਂ ਤੋਂ ਬਾਅਦ ਜੰਗੀ ਸਨਅਤ ਦੀ ਸਟਾਕ ਮਾਰਕੀਟ ਅਮਰ ਵੇਲ ਵਾਂਗ ਵਧਦੀ ਵੇਖੀ ਗਈ। ਕਾਰਪੋਰੇਟਰਾਂ ਨੇ ਆਪਣੇ ਨਿੱਜੀ ਧੰਨ ਗੁਦਾਮ ਮਾਲਾਮਾਲ ਕਰਨ ਲਈ ਸਥਾਈ ਜੰਗਾਂ ਦਾ ਮਾਹੌਲ ਸਿਰਜਿਆ। ਅੱਜ ਇਹ ਜੰਗਾਂ ਅਫਗਾਨਿਸਤਾਨ, ਇਰਾਕ, ਲਿਬੀਆ, ਯਮਨ, ਸੂਡਾਨ, ਪਾਕਿਸਤਾਨ, ਫਲਸਤੀਨ, ਯੂਕਰੇਨ ਆਦਿ ਵਿਖੇ ਸਥਾਈਤਵ ਰੂਪ ਧਾਰਨ ਕਰਦੀਆਂ ਨਜ਼ਰ ਆ ਰਹੀਆਂ ਹਨ। ਮੱਧ-ਏਸ਼ੀਆ, ਈਰਾਨ, ਪਾਕਿਸਤਾਨ ਐਸੀਆਂ ਅੰਦਰੂਨੀ-ਬਾਹਰੀ ਜੰਗਾਂ ਵਿੱਚ ਉਲਝਦੇ ਨਜ਼ਰ ਆ ਰਹੇ ਹਨ।ਜ਼ਰਾ ਧਿਆਨ ਨਾਲ ਮੁਤਾਲਿਆ ਕੀਤਾ ਜਾਵੇ ਤਾਂ ਸ਼ੈਤਾਨ ਮਹਾਂ ਸ਼ਕਤੀ ਅਮਰੀਕਾ ਅੰਦਰ ਕਾਰਪੋਰੇਟ ਲੋਕਤੰਤਰੀ ਵਿਵਸਥਾ ਕੀ ਕਰਦੀ ਆ ਰਹੀ ਹੈ, ਬਿਲਕੁਲ ਹੈਰਾਨਕੁਨ ਦ੍ਰਿਸ਼ ਸਾਹਮਣੇ ਨਜ਼ਰ ਆਉਣਗੇ। ਇਸ ਨੇ 50 ਤੋਂ ਵੱਧ ਦੇਸ਼ ਅੰਦਰ ਤਖਤੇ ਪਲਟੇ ਜਾਂ ਤਖਤੇ ਪਲਟਣ ਦੀਆਂ ਸਾਜ਼ਿਸ਼ਾਂ ਅੰਜਾਮ ਦਿੱਤੀਆਂ। ਕਰੀਬ 30 ਤੋਂ ਵੱਧ ਦੇਸ਼ ਅੰਦਰ ਚੋਣਾਂ ਵੇਲੇ ਦਖ਼ਲ ਦਿੱਤਾ। ਕਰੀਬ 20 ਤੋਂ ਵੱਧ ਦੇਸ਼ਾਂ ਅੰਦਰ ਅਜ਼ਾਦੀ ਦੀਆਂ ਲਹਿਰਾਂ ਕੁਚਲ ਕੇ ਰੱਖ ਦਿੱਤੀਆਂ। ਅਰਬ ਸਪਰਿੰਗ ਦਾ ਗਲਾ ਘੁੱਟ ਕੇ ਰੱਖ ਦਿੱਤਾ। ਕਿਊਬਾ ਅਤੇ ਲਾਤੀਨੀ ਅਮਰੀਕੀ ਦੇਸ਼ਾਂ ਵਿੱਚ ਸਮਾਜਿਕ, ਰਾਜਨੀਤਕ, ਆਰਥਿਕ ਅਤੇ ਵਿੱਤੀ ਅਸੰਤੋਸ਼ ਪੈਦਾ ਕਰਨ ਦੀਆਂ ਸਾਜ਼ਿਸ਼ਾਂ ਕੀਤੀਆਂ, ਜੋ ਅੱਜ ਵੀ ਜਾਰੀ ਹਨ। ਵਿਸ਼ਵ ਦੇ 50 ਤੋਂ ਵੱਧ ਦੇਸ਼ਾਂ ਦੇ ਪ੍ਰਮੁੱਖ ਨੇਤਾਵਾਂ ਨੂੰ ਮੌਤ ਦੇ ਘਾਟ ਉਤਾਰਨ ਦੀਆਂ ਸਾਜ਼ਿਸ਼ ਰਚੀਆਂ। ਨਾਟੋ ਫ਼ੌਜੀ ਸੰਗਠਨ ਵਿਸ਼ਵ ਭਾਈਚਾਰੇ ਲਈ ਡਰ, ਭੈਅ ਅਤੇ ਅੱਤਵਾਦ ਪੈਦਾ ਕਰਨ ਲਈ ਕਾਇਮ ਰੱਖਿਆ ਹੋਇਆ ਹੈ। ਜੂਨ, 2022 ਵਿੱਚ ਮੈਡਰਿਡ (ਸਪੇਨ) ਵਿਖੇ ਨਾਟੋ ਮੀਟਿੰਗ ਵਿੱਚ ਏਜੰਡਾ ਤੈਅ ਕੀਤਾ ਗਿਆ ਕਿ ਕਿਵੇਂ ਰੂਸ ਅਤੇ ਚੀਨ ਨੂੰ ਭਵਿੱਖ ਵਿੱਚ ਘੇਰਨਾ ਹੈ, ਯੂਰਪ ਖੇਤਰ ਅੰਦਰ ਫੌਜੀਕਰਨ ਮਜ਼ਬੂਤ ਕਰਨਾ ਹੈ, ਕਿਵੇਂ ਭਵਿੱਖ ਵਿੱਚ ਬਹੁ-ਪੱਖੀ ਜੰਗ ਦੀ ਤਿਆਰੀ ਸ਼ੁਰੂ ਕਰਨੀ ਹੈ।ਅਮਰੀਕੀ ਤਾਕਤਵਰ ਕਾਰਪੋਰੇਟ ਲੋਕਤੰਤਰ ਦੀ ਵਿਦੇਸ਼ ਨੀਤੀ ਦਾ ਮੁੱਖ ਮੰਤਵ ਦੂਸਰੇ ਰਾਸ਼ਟਰਾਂ ਦੀ ਬਰਬਾਦੀ, ਅੰਦਰੂਨੀ ਖਾਨਾਜੰਗੀ, ਆਪਸੀ ਤਣਾਉ ਪੈਦਾ ਕਰਨਾ, ਆਪਣੇ ਗਲੋਬਲ ਅਤੇ ਨਿੱਜੀ ਹਿਤ ਸੁਰੱਖਿਅਤ ਰੱਖਣਾ, ਲੋਕਾਂ ਦੇ ਵਿਚਾਰ ਪ੍ਰਗਟ ਕਰਨ ਦੀ ਅਜ਼ਾਦੀ, ਅਜ਼ਾਦ ਪ੍ਰੈੱਸ, ਅਜ਼ਾਦੀ ਸੰਘਰਸ਼ਾਂ ਦਾ ਗਲਾ ਘੁੱਟਣਾ ਹੈ। ਕਾਰਪੋਰੇਟ ਲੋਕਤੰਤਰ ਨੂੰ ਪਬਲਿਕ ਨਾਲ ਸਿਰਫ ਇੰਨਾ ਹੀ ਸਰੋਕਾਰ ਹੈ ਕਿ ਉਹ ਉਸ ਦੇ ਨਿੱਜੀ ਹਿਤਾਂ ਦੀ ਪੂਰਤੀ ਲਈ ਵਿਨਾਸ਼ਕਾਰੀ ਅੰਜਾਮ ਲਈ ਤਤਪਰ ਰਹੇ। ਇੱਥੋਂ ਤਕ ਕਿ ਵਿਸ਼ਵ ਭਰ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਅੱਤਵਾਦੀ ਲਹਿਰਾਂ ਇਸਦੇ ਕਾਰਨਾਮੇ ਹਨ।ਲਿਬੀਆ ਅੰਦਰ ਬੈਂਗਾਜ਼ੀ ਵਿਖੇ ਕੋਈ ਕਤਲ-ਏ-ਆਮ ਨਹੀਂ ਸੀ ਹੋਇਆ, ਲੇਕਿਨ ਅਮਰੀਕੀ ਅਤੇ ਪੱਛਮ ਕਾਰਪੋਰੇਟ ਲੋਕਤੰਤਰ ਦੇ ਝੂਠੇ ਗੋਬਲਾਨਾ (ਹਿਟਲਰ ਦੇ ਲੋਕ ਸੰਪਰਕ ਮੰਤਰੀ ਗੋਬਲਜ਼ ਦੇ ਝੂਠੀ ਪ੍ਰਾਪੇਗੰਡਾ ਮਸ਼ੀਨ) ਪ੍ਰਚਾਰ ਨੇ ਉਸ ਨੂੰ ਵਿਸ਼ਵ ਭਾਈਚਾਰੇ ਮੂਹਰੇ ਸੱਚ ਕਰ ਵਿਖਾਇਆ। ਇਵੇਂ ਇਰਾਕ ਦੇ ਸ਼ਾਸਕ ਸਾਦਾਮ ਹੁਸੈਨ ਦਾ ਨੌਂ-ਗਿਆਰਾਂ ਹਮਲੇ ਵਿੱਚ ਕੋਈ ਰੋਲ ਨਾ ਹੋਣ ਦੇ ਬਾਵਜੂਦ ਇਸ ਲਈ ਉਸ ਨੂੰ ਜ਼ਿੰਮੇਵਾਰ ਠਹਿਰਾ ਕੇ ਉਸ ਨੂੰ ਨਾਟੋ ਹਮਲੇ ਦਾ ਸ਼ਿਕਾਰ ਬਣਾਇਆ ਗਿਆ। ਇਹ ਅਮਰੀਕੀ ਰਾਸ਼ਟਰਪਤੀ ਬੁਸ਼ ☞



TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY

1890- SKEENA STREET, VANCOUVER, B.C., CANADA
PHONE (604) 254-2117, FAX: (604) 254-5309

ਦੇਗ ਤੇਗ ਫਤਿਹ — ਪੰਥ ਕੀ ਜੀਤ

www.akalisinghgurdwara.ca

22 ਫਰਵਰੀ, ਦਿਨ ਵੀਰਵਾਰ.....ਬਾਅਦ ਦੁਪਹਿਰ 2:30 ਵਜੇ ਸਵ. ਬਰਖੁਰਦਾਰ ਸੰਜੀਤ ਸਿੰਘ ਔਲਕ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।

24 ਫਰਵਰੀ, ਦਿਨ ਸ਼ਨਿੱਚਰਵਾਰ..ਨੰਬਰ 1 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਬਲਦੇਵ ਸਿੰਘ ਗਰੇਵਾਲ ਵਲੋਂ ਹੋਵੇਗੀ।

24 ਫਰਵਰੀ, ਦਿਨ ਸ਼ਨਿੱਚਰਵਾਰ..ਨੰਬਰ ਦੋ ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਮਲਕੀਤ ਸਿੰਘ ਪ੍ਰਮਾਰ ਵਲੋਂ ਹੋਵੇਗੀ।

25 ਫਰਵਰੀ, ਦਿਨ ਐਤਵਾਰ......ਸਵੇਰ ਨੂੰ ਭਗਤ ਰਵਿਦਾਸ ਜੀ ਦਾ ਜਨਮ ਦਿਹਾੜਾ ਮਨਾਉਣ ਹਿਤ ਦੀਵਾਨ ਸਜਣਗੇ ਤੇ ਲੰਗਰ ਵੀ ਹੋਵੇਗਾ।

25 ਫਰਵਰੀ, ਦਿਨ ਐਤਵਾਰ......ਸ਼ਾਮ ਨੂੰ ਲੰਗਰ ਦੀ ਸੇਵਾ ਮੱਲ੍ਹੀ ਪਰਿਵਾਰ ਵਲੋਂ ਹੋਵੇਗੀ।

1 ਮਾਰਚ, ਦਿਨ ਸ਼ੁੱਕਰਵਾਰ........ਸ਼ਾਮ ਨੂੰ ਲੰਗਰ ਦੀ ਸੇਵਾ ਬੀਬੀ ਗਿਆਨ ਕੌਰ ਪੁਰੇਵਾਲ ਅਤੇ ਪਰਿਵਾਰ ਵਲੋਂ ਹੋਵੇਗੀ।

2 ਮਾਰਚ, ਦਿਨ ਸ਼ਨਿੱਚਰਵਾਰ.....ਸਵੇਰ ਨੂੰ ਲੰਗਰ ਦੀ ਸੇਵਾ ਭਾਈ ਸੁਰਿੰਦਰ ਸਿੰਘ ਸੰਘਾ ਅਤੇ ਪਰਿਵਾਰ ਵਲੋਂ ਹੋਵੇਗੀ।

3 ਮਾਰਚ, ਦਿਨ ਐਤਵਾਰ.........ਸਵੇਰ ਨੂੰ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਦੀਵਾਨ ਸਜਣਗੇ ਅਤੇ ਲੰਗਰ ਵੀ ਹੋਵੇਗਾ।

9 ਮਾਰਚ, ਦਿਨ ਸ਼ਨਿੱਚਰਵਾਰ.....ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਦਰਸ਼ਨ ਬੈਂਸ ਅਤੇ ਪਰਿਵਾਰ ਵਲੋਂ ਹੋਵੇਗੀ।

10 ਮਾਰਚ, ਦਿਨ ਐਤਵਾਰ........ਸਵੇਰ ਨੂੰ ਨੰਬਰ 1 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਬੀਬੀ ਚਰਨਜੀਤ ਕੌਰ ਪੁਰਬਾ ਅਤੇ ਪੀਰਵਾਰ ਵਲੋਂ ਹੋਵੇਗੀ।

10 ਮਾਰਚ, ਦਿਨ ਐਤਵਾਰ........ਸਵੇਰ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਜਸਵੀਰ ਸਿੰਘ ਪੁਰੇਵਾਲ ਅਤੇ ਪਰਿਵਾਰ ਵਲੋਂ ਹੋਵੇਗੀ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।
ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 12:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ ’ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ — ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

## ਜੰਗ ਹਿੰਦ ਪੰਜਾਬ ਦੀ ਹੋਣ ਲੱਗੀ ?

# ਅੱਖੀ ਡਿੱਠਾ ਕਿਸਾਨ ਮੋਰਚਾ, ਸ਼ੰਭੂ ਬਾਰਡਰ




ਕਡਿਆਲੀਆਂ ਤਾਰਾ ਵਿਚ ਇੱਕ ਪਾਸੇ ਪਾਕਿਸਤਾਨ ਤੇ ਦੂਜੇ ਬੰਨੇ ਪੰਜਾਬ ਦੀ ਹੱਦ ਤੇ ਭਾਰਤ ਦੀ ਲੱਗੀ ਤਾਰ ਵਿਚ ਘਿਰਿਆ ਪੰਜਾਬ ਦੇਖ ਕੇ ਮਨ ਜਰੂਰ ਹੋਲਾ ਹੋਇਆ ਕਹਿੰਦਾ ,ਮਨਾ ਤੇਰੀ ਆਪਣੀ ਧਰਤੀ ਕਿਹੜੀ ? ਪੰਜਾਬ ਦਾ ਇਤਿਹਾਸ ਬਾਰ ਬਾਰ ਆਪਣੇ ਆਪ ਨੂੰ ਦੁਬਾਰਾ ਦੁਹਰਾਈ ਜਾਂਦਾ ਸਾਨੂੰ ਪੰਤਗ ਦੀ ਡੋਰ ਨਾਲ ਡਰੋਨ ਸਿਟਨ ਵਾਲੇ ਨੋਜਵਾਨ ਨੂੰ ਮਿਲਕੇ ਇਹ ਕਹਿੰਦੇਆ ਸੁਣ ਕੇ ' ਅਸਾ ਡਰੋਨ ਪੰਜਾਬ ਲੈ ਜਾਣਾ ਯਾਦ ਆਈ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ,ਬਾਬਾ ਬਘੇਲ ਸਿੰਘ ਦੀ ਜਿਨ੍ਹਾਂ ਦਿੱਲੀ ਫਤਹਿ ਕਰਨ ਤੋਂ ਬਾਅਦ ਦਿੱਲੀ ਦਾ ਤਖਤ ਪਟ ਕੇ ਪੰਜਾਬ ਲੇ ਆਉਂਦਾ ਜਿਹੜਾ ਦਰਬਾਰ ਸਾਹਿਬ ਵਿੱਚ ਸਥਿਤ ਬੂੰਗੇਆ ਵਿਚ ਸੰਭਾਲਿਆ ਪਿਆ ਹੈ। ਕੁਝ ਨੋਜਵਾਨ ਹੋਰ ਮਿਲੇ ਜਿਨ੍ਹਾਂ ਬੜੇ ਸਹਿਜ ਅੰਦਾਜ਼ ਵਿੱਚ ਆਪਣੀ ਗੱਲ ਸ਼ੁਰੂ ਕੀਤੀ ਅਖੇ ਟਰੈਕਟਰ ਤੇ ਚੜ੍ਹੇ ਨੋਜਵਾਨ ਤੇ ਅੱਗ ਦਾ ਗੋਲਾ ਲੱਗਾ ਜਖਮ ਡੂੰਘਾ ਹੋ ਗਿਆ ,ਉਸ ਨਾਲ ਦਾ ਸਾਥੀ ਕਹਿੰਦਾ ' ਬਾਈ ਥੱਲੇ ਆ ਮੈਂ ਮੋਰਚਾ ਸੰਭਾਲ ਲੈਂਦਾ ' ਥੋੜ੍ਹੀ ਦੇਰ ਬਾਅਦ ਇਕ ਗਬੜ ਦੀ ਗੋਲੀ ਉਸ ਨੋਜਵਾਨ ਦੇ ਪਟ ਤੇ ਲੱਗੀ ,ਤੀਸਰਾ ਨੋਜਵਾਨ ਕਹਿੰਦਾ ' ਬਾਈ ਹੁਣ ਮੇਰੀ ਵਾਰੀ ਆ ਜਾ ਥੱਲੇ' ਇਹ ਸੁਣ ਇਤਿਹਾਸ ਦੀ ਘਟਨਾ ਯਾਦ ਆਈ , ਸਿੰਘਾਂ ਦੀ ਤੋਪ ਦਾ ਚੱਕਾ ਟੁੱਟ ਗਿਆ ਦੁਸ਼ਮਣ ਪੈਲਾ ਪਾਵੇ ਸਿੰਘਾਂ ਦਾ ਤੋਪਚੀ ਕਹੇ ਚੱਕਾ ਬਦਲੋ ,ਸਿੱਘਾ ਵਾਹਿਗੁਰੂ ਦਾ ਜਾਪ ਕਰਦਿਆਂ ਮੋਢਾ ਲਾ ਦਿੱਤਾ ਅਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ ,ਕੀ ਉਸ ਘਟਨਾ ਤੇ ਇਸ ਘਟਨਾ ਵਿਚ ਕੋਈ ਫਰਕ?

ਕਿਸਾਨ ਮੋਰਚੇ ਵਿਚ ਇਨਿਆ ਸਖਤੀਆ ਦੇ ਬਾਵਜੂਦ ਹਰ ਵਿਅਕਤੀ ਚੜ੍ਹਦੀ ਕਲਾ ਵਿਚ ਹੀ ਵਿਚਾਰ ਰਿਹਾ ਸੀ ਮੋਤ ਤੋਂ ਬੇਖਬਰ।ਵਾਹ ਪੰਜਾਬ ਸਿੰਹਾਂ ਤੇਰੇ ਇਨ੍ਹਾਂ ਨੋਜਵਾਨਾਂ ਤੇ ਜਿਹੜੇ ਬਾਬਾ ਬੰਦਾ ਸਿੰਘ ਬਹਾਦਰ ਦੇ ਵਾਰਿਸ ਨੇ ।

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ।

---

☞ ਅਤੇ ਕਰੋਨੀ ਕਾਰਪੋਰੇਟਰਾਂ ਦਾ ਬਦਨਾਮ ਕਾਰਨਾਮਾ ਸੀ ਲੇਕਿਨ ਇਹੀ ਕਾਰਪੋਰੇਟ ਲੋਕਤੰਤਰ ਗਾਜ਼ਾ ਅੰਦਰ ਹਮਾਸ ਨਸਲਘਾਤ ਨਕਾਰਦਾ ਹੈ।

ਰੂਸ ਨਾਲ ਜੰਗ ਜਾਰੀ ਰੱਖਣ ਲਈ 5 ਲੱਖ ਨਵੇਂ ਸਿਪਾਹੀਆਂ, ਤੋਪਾਂ, ਟੈਂਕਾਂ, ਡਰੋਨਾਂ, ਹਵਾਈ ਜਹਾਜ਼ਾਂ, ਗੋਲਾ-ਬਾਰੂਦ ਦੀ ਲੋੜ ਹੈ। ਕੀ ਅਮਰੀਕਾ, ਪੱਛਮ ਅਤੇ ਨਾਟੋ ਸੰਗਠਨ ਭੇਜਣਗੇ ਜੋ ਉਸ ਦੇਸ਼ ਦੀ ਬਰਬਾਦੀ ਬਾਅਦ ਪਿੱਠ ਦੇ ਚੁੱਕੇ ਹਨ। ਕਰੀਬ 1500 ਕਿਲੋਮੀਟਰ ਜੰਗੀ ਫਰੰਟ ਤੇ ਬਰਬਾਦ ਯੂਕਰੇਨ ਕਿਵੇਂ ਲੜ ਪਾਏਗਾ? ਯੂਰਪੀਨ ਯੂਨੀਅਨ ਉਸ ਨੂੰ ਆਪਣੇ ਵਿੱਚ ਸ਼ਾਮਲ ਕਰੇ? ਉਸਦੀ ਮੁੜ ਉਸਾਰੀ ਲਈ ਮਦਦ ਕਰੇ ਅਤੇ ਉਸ ਦੇ ਬਚਾ ਲਈ ਫੌਜੀ ਦਸਤੇ ਭੇਜੇਗੀ? ਦਰਅਸਲ ਕਾਰਪੋਰੇਟ ਲੋਕਤੰਤਰੀ ਨਿਜ਼ਾਮ ਇਸ ਜੰਗ ਨੂੰ ਜਾਰੀ ਰੱਖਣ ਲਈ ਯੂਕਰੇਨੀ ਪਬਲਿਕ ਦੀ ਆਖਰੀ ਆਰਥਿਕ ਬੂੰਦ ਚੂਸਣਾ ਚਾਹੁੰਦੀ ਹੈ। ਇਸ ਜੰਗ ਦਾ ਹਮਲਾਵਰ ਪੱਛਮੀ ਅਤੇ ਅਮਰੀਕੀ ਕਾਰਪੋਰੇਟ ਲੋਕਤੰਤਰ ਬੇਨਕਾਬ ਹੋ ਚੁੱਕਾ ਹੈ। ਇਹੀ ਹਾਲ ਬਾਕੀ ਜੰਗੀ ਖੇਤਰਾਂ ਦਾ ਹੈ। ਕਾਰਪੋਰੇਟ ਲੋਕਤੰਤਰ ਨੂੰ ਮਹਾਂਮਾਰੀਆਂ, ਭੁੱਖਮਰੀਆਂ, ਬਰਬਾਦੀਆਂ ਨਾਲ ਕੋਈ ਸਰੋਕਾਰ ਨਹੀਂ, ਇਸ ਨੂੰ ਸਿਰਫ ਅਤੇ ਸਿਰਫ ਆਪਣਾ ਸਮੁੱਚਾ ਗਲੋਬਲ ਏਕਾਧਿਕਾਰ ਪਿਆਰਾ ਹੈ।

**ਦਰਬਾਰਾ ਸਿੰਘ ਕਾਹਲੋਂ**


Punjab TRAVELS




ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।



ਜੀਵਨ ਸਿੰਘ ਮੋਗਾ

- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ

**Ph : 604-825-3075, 604-744-4400**

**2642 Cedar Park Abbotsford, British Columbia V2T 3S5**

**SekCheck FINGERPRINTING SERVICES**

*Digital Fingerprinting
*Police Certificate CPIC
*Overseas Police Check
*Ink & Roll Fingerprinting
*Name Change Application
*Record Suspension
*US Waiver

**Ph:604-628-4446, 778-536-1188**

**#255-13711-72Ave Surrey, BC**


# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

**8115, 132 ਸਟਰੀਟ, ਸਰੀ, ਬੀ.ਸੀ. V3W 4N5**

### ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

**ਸਵੇਰੇ**

ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ

**ਸ਼ਾਮ ਦੇ ਦੀਵਾਨ**

ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

**ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ**

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ: ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

## ਇਸ ਹਫਤੇ ਦੇ ਪ੍ਰੋਗਰਾਮ



ਇਸ ਹਫ਼ਤੇ ਗੁਰਦੁਆਰਾ ਸਾਹਿਬ ਵਿਖੇ ਸਾਕਾ ਨਨਕਾਣਾ ਸਾਹਿਬ ਅਤੇ ਜੈਤੋ ਮੋਰਚੇ ਦੇ ਸ਼ਹੀਦਾਂ ਦੀ ਯਾਦ ਵਿਚ ਪ੍ਰੋਗਰਾਮ ਹੋਣਗੇ ਅਤੇ ਇਕ ਅਖੰਡਪਾਠ ਸਾਹਿਬ ਦੀ ਸੇਵਾ ਭਾਈ ਬਲਰਾਜ ਸਿੰਘ ਪਰਿਵਾਰ ਵੱਲੋਂ ਆਪਣੇ ਬੇਟੇ ਦੇ 18ਵੇਂ ਜਨਮ ਦਿਨ ਦੀ ਖੁਸ਼ੀ ਵਿਚ ਹੋਵੇਗੀ।ਅਖੰਡਪਾਠ ਸਾਹਿਬ ਦੀ ਆਰੰਭਤਾ 23 ਫਰਵਰੀ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਹੋਵੇਗੀ ਅਤੇ ਭੋਗ 25 ਫਰਵਰੀ ਦਿਨ ਐਤਵਾਰ ਸਵੇਰ 9.30 ਵਜੇ ਪਾਏ ਜਾਣੇ।ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

*23 ਫਰਵਰੀ ਦਿਨ ਸ਼ੁੱਕਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਭੁਪਿੰਦਰ ਸਿੰਘ ਟੂਰਨਾ ਪਰਿਵਾਰ ਵੱਲੋਂ ਆਪਣੀ ਬੇਟੀ ਮਾਇਰਾ ਕੌਰ ਦੇ ਦੂਜੇ ਜਨਮ ਦਿਨ ਦੀ ਖੁਸ਼ੀ ਵਿਚ ਹੋਵੇਗੀ।

*24 ਫਰਵਰੀ ਦਿਨ ਸ਼ਨਿਚਰਵਾਰ ਸਵੇਰ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਬਲਦੇਵ ਸਿੰਘ ਮਾਨ ਪਰਿਵਾਰ ਵੱਲੋਂ ਹੋਵੇਗੀ।

*24 ਫਰਵਰੀ ਦਿਨ ਸ਼ਨਿਚਰਵਾਰ ਨੂੰ ਅੰਤਮ ਸਸਕਾਰ ਸਵ. ਅਜਮੇਰ ਸਿੰਘ ਛੀਨਾ ਦੁਪਹਿਰ 12.30 ਵਜੇ ਰਿਵਰ ਸਾਈਡ ਡੈਲਟਾ ਵਿਖੇ ਹੋਵੇਗਾ।ਉਪਰੰਤ ਗੁਰੂਘਰ ਵਿਖੇ ਦੁਪਹਿਰ 2.30 ਵਜੇ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।

*24 ਫਰਵਰੀ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਭਾਈ ਬਲਰਾਜ ਸਿੰਘ ਬੱਲ ਪਰਿਵਾਰ ਵੱਲੋਂ ਆਪਣੇ ਬੇਟੇ ਮਨਕੀਰਤ ਸਿੰਘ ਬੱਲ ਦੇ ਅਨੰਦਕਾਰਜ ਦੀ ਸਫਲਤਾ ਲਈ ਸ਼ੁਕਰਾਨੇ ਕਰਦੇ ਹੋਏ ਹੋਵੇਗੀ।

*25 ਫਰਵਰੀ ਦਿਨ ਐਤਵਾਰ ਸਵੇਰ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਗੁਰਵਿੰਦਰਜੀਤ ਸਿੰਘ ਪਰਿਵਾਰ ਵੱਲੋਂ ਆਪਣੀ ਬੇਟੀ ਜਪਅਸੀਸ ਕੌਰ ਦੇ ਜਨਮ ਦੀ ਖੁਸ਼ੀ ਵਿਚ ਹੋਵੇਗੀ।

*25 ਫਰਵਰੀ ਦਿਨ ਐਤਵਾਰ ਨੂੰ ਅੰਤਮ ਸਸਕਾਰ ਸਵ. ਭੁਪਿੰਦਰ ਸਿੰਘ ਦੁਪਹਿਰ 2 ਵਜੇ ਰਿਵਰ ਸਾਈਡ ਡੈਲਟਾ ਵਿਖੇ ਹੋਵੇਗਾ।ਉਪਰੰਤ ਗੁਰੂਘਰ ਵਿਖੇ ਸ਼ਾਮ 3.30 ਵਜੇ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਰਾਗੀ ਜਥੇ:ਭਾਈ ਬਲਦੇਵ ਸਿੰਘ ਜਲੰਧਰ ਵਾਲਿਆਂ ਦਾ ਜਥਾ, ਭਾਈ ਅਸ਼ੋਕ ਸਿੰਘ ਦਿੱਲੀ ਵਾਲੇ, ਕਥਾਵਾਚਕ:ਭਾਈ ਰਸ਼ਪਾਲ ਸਿੰਘ ਫਾਜ਼ਿਲਕਾ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**

**ਫੋਨ:604-590-3232, 604-590-3224**

# ਸੁਪਰੀਮ ਕੋਰਟ ਦੇ ਫ਼ੈਸਲੇ ਮਗਰੋਂ ਚੰਡੀਗੜ੍ਹ 'ਚ ਬਣਿਆ 'ਆਪ' ਦਾ ਮੇਅਰ

ਚੰਡੀਗੜ੍ਹ ਮੇਅਰ ਚੋਣ 'ਤੇ ਸੁਪਰੀਮ ਕੋਰਟ ਵਿਚ ਸੁਣਵਾਈ ਹੋਈ। ਸੁਪਰੀਮ ਕੋਰਟ ਦੇ ਇਸ ਫ਼ੈਸਲੇ ਤੋਂ ਬਾਅਦ, ਹੁਣ ਚੰਡੀਗੜ੍ਹ ਵਿਚ ਆਮ ਆਦਮੀ ਪਾਰਟੀ ਦਾ ਮੇਅਰ ਕੁਲਦੀਪ ਕੁਮਾਰ ਬਣ ਗਏ ਹਨ।

ਦੱਸ ਦਈਏ ਕਿ, ਚੰਡੀਗੜ੍ਹ ਮੇਅਰ ਚੋਣ 'ਤੇ ਮੰਗਲਵਾਰ ਨੂੰ ਹੋਈ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਰਿਟਰਨਿੰਗ ਅਫ਼ਸਰ ਅਨਿਲ ਮਸੀਹ ਨੂੰ ਸਖ਼ਤ ਫਟਕਾਰ ਲਗਾਈ।

ਚੀਫ਼ ਜਸਟਿਸ ਡੀਵਾਈ ਚੰਦਰਚੂੜ ਦੀ ਅਗਵਾਈ ਵਾਲੇ ਬੈਂਚ ਨੇ ਭਾਜਪਾ ਅਤੇ 'ਆਪ' ਵਿਚਾਲੇ ਵਿਵਾਦ ਵਿੱਚ ਅੱਠ "ਅਵੈਧ" ਵੋਟਾਂ ਦੀ ਜਾਂਚ ਕੀਤੀ।

ਅਦਾਲਤ ਨੇ ਕਿਹਾ ਕਿ ਇਨ੍ਹਾਂ ਵੋਟਾਂ ਦੀ ਮੁੜ ਗਿਣਤੀ ਕੀਤੀ ਜਾਵੇਗੀ... ਜਾਇਜ਼ ਮੰਨੀ ਜਾਵੇਗੀ। ਕੋਰਟ ਦੇ ਇਸ ਫ਼ੈਸਲੇ ਤੋਂ ਬਾਅਦ ਹੁਣ ਚੰਡੀਗੜ੍ਹ ਵਿਚ ਆਮ ਆਦਮੀ ਪਾਰਟੀ ਦਾ ਮੇਅਰ ਕੁਲਦੀਪ ਕੁਮਾਰ ਬਣ ਗਏ ਹਨ।

# ਭੂਟਾਨ ਦੇ ਵਿਵਾਦਤ ਸਰਹੱਦੀ ਖੇਤਰ ਵਿੱਚ ਚੀਨ ਵੱਲੋਂ ਕੀਤਾ ਜਾ ਰਿਹੈ ਨਿਰਮਾਣ ਕਾਰਜ

ਬੀਜਿੰਗ:ਚੀਨ ਵੱਲੋਂ ਕਥਿਤ ਤੌਰ 'ਤੇ ਭੂਟਾਨ ਨਾਲ ਵਿਵਾਦਤ ਖੇਤਰ 'ਚ ਨਿਰਮਾਣ ਕਾਰਜਾਂ ਨੂੰ ਅੱਗੇ ਵਧਾਇਆ ਜਾ ਰਿਹਾ ਹੈ। ਇਹ ਗਤੀਵਿਧੀਆਂ ਉਸ ਵੇਲੇ ਕੀਤੀਆਂ ਜਾ ਰਹੀਆਂ ਹਨ ਜਦੋਂ ਦੋਵਾਂ ਦੇਸ਼ਾਂ ਵਿਚਾਲੇ ਸਰਹੱਦੀ ਗੱਲਬਾਤ ਚੱਲ ਰਹੀ ਹੈ। ਇਹ ਖੁਲਾਸਾ ਹਾਂਗਕਾਂਗ ਆਧਾਰਤ ਸਾਊਥ ਚਾਈਨਾ ਮੌਰਨਿੰਗ ਪੋਸਟ ਦੀ ਇਕ ਰਿਪੋਰਟ ਤੋਂ ਹੋਇਆ ਹੈ। ਦੋਵਾਂ ਦੇਸ਼ਾਂ ਨੂੰ ਵੱਖ ਕਰਨ ਵਾਲੇ ਪਹਾੜੀ ਖੇਤਰ ਵਿੱਚ ਘੱਟੋ-ਘੱਟ ਤਿੰਨ ਪਿੰਡ ਬਣਾਏ ਗਏ ਹਨ। ਰਿਪੋਰਟ ਵਿੱਚ ਸੱਤਾਧਾਰੀ ਚੀਨੀ ਕਮਿਊਨਿਸਟ ਪਾਰਟੀ ਦੇ ਅਧਿਕਾਰੀਆਂ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਗਰੀਬੀ ਹਟਾਉਣ ਦੀ ਯੋਜਨਾ ਵਜੋਂ ਤੇਜ਼ੀ ਨਾਲ ਵਿਸਤਾਰ ਸ਼ੁਰੂ ਹੋਇਆ ਸੀ ਪਰ ਇਹ ਦੋਹਰੀ ਕੌਮੀ ਸੁਰੱਖਿਆ ਭੂਮਿਕਾ ਨਿਭਾਉਂਦਾ ਹੈ। ਰਿਪੋਰਟ ਅਨੁਸਾਰ ਹਿਮਾਲਿਆ ਦੇ ਦੂਰ-ਦੁਰਾਡੇ ਪਿੰਡ ਵਿੱਚ ਚੀਨ ਅਤੇ ਭੂਟਾਨ ਦੇ ਲੰਬੇ ਸਮੇਂ ਤੋਂ ਵਿਵਾਦਿਤ ਸਰਹੱਦੀ ਖੇਤਰ 'ਚ 18 ਨਵੇਂ ਚੀਨੀ ਨਿਵਾਸੀ ਆਪਣੇ ਨਵੇਂ ਬਣੇ ਘਰਾਂ ਵਿੱਚ ਦਾਖਲ ਹੋਣ ਦੀ ਉਡੀਕ ਕਰ ਰਹੇ ਸਨ। ਯੂਐਸ ਆਧਾਰਤ ਮੈਕਸਰ ਟੈਕਨਾਲੋਜੀ ਦੀ ਸੈਟੇਲਾਈਟ ਇਮੇਜਰੀ ਖੇਤਰ 'ਚ 147 ਨਵੇਂ ਘਰ ਦਿਖਾਉਂਦੀ ਹੈ ਜੋ ਵਸਨੀਕਾਂ ਦੇ ਆਉਣ ਤੋਂ ਸੱਤ ਦਿਨ ਪਹਿਲਾਂ ਲਈ ਗਈ ਸੀ। ਪਿੰਡ ਨੂੰ 235 ਘਰਾਂ ਲਈ ਡਿਜ਼ਾਈਨ ਕੀਤਾ ਗਿਆ ਸੀ। ਜਦੋਂ ਕਿ 2022 ਦੇ ਅੰਤ ਤਕ ਸਿਰਫ 70 ਘਰਾਂ ਵਿੱਚ 200 ਲੋਕ ਉੱਥੇ ਰਹਿ ਰਹੇ ਸਨ। ਇਸੇ ਦੌਰਾਨ ਭਾਰਤ ਨੇ ਚੀਨੀ ਫੌਜ ਵੱਲੋਂ ਡੋਕਲਾਮ ਟ੍ਰਾਈ-ਜੰਕਸ਼ਨ 'ਤੇ ਕੀਤੇ ਜਾ ਰਹੇ ਸੜਕ ਦੇ ਨਿਰਮਾਣ ਦਾ ਸਖ਼ਤ ਵਿਰੋਧ ਕੀਤਾ ਹੈ ਕਿਉਂਕਿ ਇਸ ਨਾਲ ਉਸ ਦੇ ਸਮੁੱਚੇ ਸੁਰੱਖਿਆ ਹਿੱਤਾਂ 'ਤੇ ਅਸਰ ਪਵੇਗਾ। ਇਹ ਤੰਗ ਸਿਲੀਗੁੜੀ ਕੋਰੀਡੋਰ ਨੇੜੇ ਹੈ, ਜਿਸ ਨੂੰ 'ਚਿਕਨ ਨੈੱਕ' ਵੀ ਕਿਹਾ ਜਾਂਦਾ ਹੈ ਤੇ ਇਹ ਭਾਰਤ ਨੂੰ ਉੱਤਰ-ਪੂਰਬ ਨਾਲ ਜੋੜਦਾ ਹੈ।









# ਸਿਹਤ ਸੰਬੰਧੀ



# ਗੋਡਿਆਂ ਦੀ ਦਰਦ ਅਤੇ ਹੋਮਿਓਪੈਥੀ

ਆਪਣੀ ਬਣਤਰ ਕਾਰਣ ਮਨੁੱਖ ਦੇ ਗੋਡੇ ਸਿਰਫ਼ ਅੱਗੇ ਜਾਂ ਪਿੱਛੇ ਨੂੰ ਹੀ ਮੁੜ ਸਕਦੇ ਹਨ। ਗੋਡਿਆਂ ਵਿੱਚ ਚੰਦਰਮਾ ਆਕਾਰ ਦੀ ਝਿੱਲੀ ਅਤੇ ਦੋਵਾਂ ਪਾਸੇ ਲਿਗਾਮੈਂਟਸ ਤੋਂ ਇਲਾਵਾ ਅੰਦਰੂਨੀ ਲਿਗਾਮੈਂਟ ਵੀ ਹੁੰਦੀ ਹੈ। ਗੋਡਿਆਂ ਦੀਆਂ ਆਮ ਅਲਾਮਤਾਂ ਵਿੱਚ ਝਟਕਾ ਲੱਗਣਾ, ਖਿਚਾਅ ਅਤੇ ਦਬਾਅ ਪੈਣਾ ਸ਼ਾਮਲ ਹਨ। ਗੋਡੇ ਦੀ ਦਰਦ ਜਾਂ ਤਕਲੀਫ਼ ਠੀਕ ਹੋਣ ਨੂੰ ਲੰਮਾ ਸਮਾਂ ਲੱਗ ਜਾਂਦਾ ਹੈ। ਗੋਡਿਆਂ ਦੇ ਜੋੜਾਂ ਦੀ ਸੋਜਸ਼ ਦੀ ਬਿਮਾਰੀ ਜਿਸ ਵਿੱਚ ਸਾਇਨੋਵਾਈਟੀਜ਼, ਬਰਸਾਈਟੀਜ਼ ਅਤੇ ਰੋਮਾਟੋਇਡ ਅਰਥਰਾਇਟਿਸ ਹੋ ਸਕਦਾ ਹੈ। ਬਾਰ-ਬਾਰ ਹੋਣ ਵਾਲੀ ਘਿਸਾਈ ਕਾਰਣ ਗੋਡਿਆਂ ਦੀ ਆਸਟਿਓਆਰਥਰਾਇਟਿਸ ਦੀ ਬਿਮਾਰੀ ਵੀ ਹੋ ਜਾਂਦੀ ਹੈ। ਇਸ ਬਿਮਾਰੀ ਦੇ ਲੱਛਣਾਂ ਵਿੱਚ ਸ਼ਾਮਲ ਹਨ: ਜੋੜ ਦੀ ਸੋਜਸ਼, ਹੱਡੀਆਂ ਦੀ ਆਪਸ ਵਿੱਚ ਰਗੜ, ਗੋਡੇ ਦੇ ਜੋੜ ਦਾ ਖੜ੍ਹ ਜਾਣਾ ਜਾਂ ਲੌਕ ਹੋ ਜਾਣਾ, ਤੁਰਨ-ਫ਼ਿਰਨ ਵਿੱਚ ਅਸਮਰੱਥ ਹੋਣਾ ਅਤੇ ਗੋਡੇ ਦੇ ਪੱਠਿਆਂ ਦਾ ਨਸ਼ਟ ਹੋਣਾ। ਗੋਡਿਆਂ ’ਤੇ ਕੋਈ ਸੱਟ ਲੱਗਣ ਕਾਰਣ, ਐਕਸੀਡੈਂਟ ਕਾਰਣ ਜਾਂ ਕੰਮ ’ਤੇ ਗੋਡਿਆਂ ਦੇ ਖ਼ਾਸ ਇਸਤੇਮਾਲ ਕਾਰਣ ਕਈ ਤਰ੍ਹਾਂ ਦੀਆਂ ਤਕਲੀਫ਼ਾਂ ਹੋ ਸਕਦੀਆਂ ਹਨ। ਐਕਸੀਡੈਂਟ ਕਾਰਣ ਹੱਡੀ ਦੀ ਟੁੱਟ-ਭੱਜ ਜਾਂ ਮਨਿਸਕਸ ਅਤੇ ਲਿਗਾਮੈਂਟਸ ਵਿੱਚ ਆਈ ਤਰੇੜ ਕਾਰਣ ਜਿੱਥੇ ਤੁਰੰਤ ਡਾਕਟਰੀ ਸਹਾਇਤਾ ਦੀ ਲੋੜ ਹੁੰਦੀ ਹੈ, ਉੱਥੇ ਹੀ ਪੀੜਤ ਮਨੁੱਖ ਨੂੰ ਇਲਾਜ ਤੋਂ ਬਾਅਦ ਵੀ ਗੋਡਿਆਂ ਦੇ ਦਰਦ ਸੰਬੰਧੀ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਸਤਾਉਂਦੀਆਂ ਰਹਿੰਦੀਆਂ ਹਨ। ਜੇ ਇਨ੍ਹਾਂ ਸਮੱਸਿਆਵਾਂ ਦਾ ਢੁਕਵਾਂ ਇਲਾਜ ਨਾ ਕੀਤਾ ਜਾਵੇ ਤਾਂ ਉਹ ਚਿਰਕਾਲੀ ਬਣਨ ਤੋਂ ਬਾਅਦ ਹੋਰ ਵੀ ਗੰਭੀਰ ਰੂਪ ਲੈ ਸਕਦੀਆਂ ਹਨ। ਇਹ ਜ਼ਰੂਰੀ ਨਹੀਂ ਕਿ ਗੋਡਿਆਂ ਦੀ ਦਰਦਾਂ ਸਿਰਫ਼ ਉਪਰੋਕਤ ਕਾਰਣਾਂ ਨਾਲ ਹੀ ਜੁੜਿਆਂ ਹੋਣ। ਕਿਸੇ ਵਿਅਕਤੀ ਦੀਆਂ ਖਾਣ-ਪੀਣ ਦੀਆਂ ਆਦਤਾਂ, ਕਸਰਤ ਦੀ ਘਾਟ, ਲੋੜ ਨਾਲੋਂ ਜ਼ਿਆਦਾ ਵਜ਼ਨ, ਸਮੁੱਚੀ ਜੀਵਨ-ਸ਼ੈਲੀ ਅਤੇ ਵਧਦੀ ਉਮਰ ਨਾਲ ਸੰਬੰਧਤ ਹੋਰ ਕਈ ਸਮੱਸਿਆਵਾਂ ਵੀ ਗੋਡਿਆਂ ਦੇ ਦਰਦ ਦਾ ਕਾਰਣ ਹੋ ਸਕਦੀਆਂ ਹਨ।

ਸਰੀਰ ਦਾ ਸਾਰਾ ਭਾਰ ਗੋਡਿਆਂ ਅਤੇ ਪੈਰਾਂ ਨੇ ਹੀ ਚੁੱਕਣਾ ਹੁੰਦਾ ਹੈ। ਇਸ ਲਈ ਸਰੀਰ ਦਾ ਆਦਰਸ਼ ਭਾਰ ਗੋਡਿਆਂ ਦੀ ਚੰਗੀ ਸਿਹਤ ਦਾ ਆਧਾਰ ਬਣਦਾ ਹੈ। ਗੋਡਿਆਂ ਦੀਆਂ ਦਰਦਾਂ ਮੌਸਮ ਤੋਂ ਵੀ ਪ੍ਰਭਾਵਿਤ ਹੁੰਦੀਆਂ ਹਨ। ਠੰਢ ਅਤੇ ਸਲ੍ਹਾਬੇ ਦੇ ਮੌਸਮ ਵਿੱਚ ਬੈਰੋਮਿਟਰਕ ਪ੍ਰੈਸ਼ਰ ਘੱਟ ਹੋਣ ਨਾਲ ਇਹ ਦਰਦਾਂ ਵੱਧ ਹੁੰਦੀਆਂ ਹਨ ਅਤੇ ਗਰਮ ਅਤੇ ਖ਼ੁਸ਼ਕ ਮੌਸਮ ਵਿੱਚ ਵੱਧ ਪ੍ਰੈਸ਼ਰ ਕਾਰਣ ਇਹ ਦਰਦਾਂ ਘੱਟ ਹੋ ਜਾਂਦੀਆਂ ਹਨ। ਮਰਦਾਂ ਦੇ ਮੁਕਾਬਲੇ ਔਰਤਾਂ ਨੂੰ ਗੋਡਿਆਂ ਦਾ ਦਰਦ ਹੋਣ ਦੀ ਸੰਭਾਵਨਾ ਵਧੇਰੇ ਹੁੰਦੀ ਹੈ। ਉਂਝ ਤਾਂ ਇਹ ਬਿਮਾਰੀ ਕਿਸੇ ਵੀ ਉਮਰ ਵਿੱਚ ਹੋ ਸਕਦੀ ਹੈ ਪਰ ਆਮ ਤੌਰ ’ਤੇ 40-55 ਦੇ ਉਮਰ ਦੇ ਪੜਾਅ ਵਿੱਚ ਇਸ ਦੀ ਸ਼ੁਰੂਆਤ ਹੁੰਦੀ ਵੇਖੀ ਗਈ ਹੈ। ਇਸ ਦੀ ਜਕੜ ਵਿੱਚ ਆਇਆ ਪੀੜਤ ਵਿਅਕਤੀ ਆਪਣੇ ਆਪ ਨੂੰ ਅਪਾਹਜ ਵਾਂਗ ਮਹਿਸੂਸ ਕਰਨ ਲੱਗਦਾ ਹੈ ਅਤੇ ਇਸ ਤਰ੍ਹਾਂ ਸਰੀਰਕ ਪੱਧਰ ਦੀ ਬਿਮਾਰੀ ਕਾਰਣ ਲੱਛਣਾਂ ਦੀ ਹੋਂਦ ਪੀੜਤ ਵਿਅਕਤੀ ਦੇ ਮਨ ਉੱਤੇ ਵੀ ਭੈੜਾ ਅਸਰ ਕਰਨ ਲੱਗਦੀ ਹੈ। ਪੌੜੀਆਂ ਚੜ੍ਹਨ-ਉੱਤਰਨ ਵਿੱਚ ਮੁਸ਼ਕਲ, ਬਜ਼ਾਰ ਜਾਣ ਵਿੱਚ ਮੁਸ਼ਕਲ, ਤੁਰਨ ਵਿੱਚ ਪਰੇਸ਼ਾਨੀ ਅਤੇ ਥਕਾਵਟ ਦੇ ਅਹਿਸਾਸ ਨੇ ਨਾਲ-ਨਾਲ ਜੀਵਨ ਦੀ ਉੱਤਮਤਾ ਵੀ ਪ੍ਰਭਾਵਿਤ ਹੁੰਦੀ ਹੈ।

ਜਿਨ੍ਹਾਂ ਵਿਅਕਤੀਆਂ ਵਿੱਚ ਇਸ ਰੋਗ ਦਾ ਅਸਰ ਗੰਭੀਰ ਰੂਪ ਧਾਰਨ ਕਰ ਜਾਵੇ ਤਾਂ ਇਹ ਮਰੀਜ਼ ਨੂੰ ਅਪੰਗ ਵੀ ਕਰ ਸਕਦਾ ਹੈ।

**ਬਚਾਅ:** ਮੋਟਾਪਾ ਗੋਡਿਆਂ ਦੀਆਂ ਦਰਦਾਂ ਦਾ ਸਭ ਤੋਂ ਵਡਾ ਕਾਰਣ ਹੈ। ਇਸ ਲਈ ਮੋਟਾਪੇ ਤੋਂ ਬਚੋ। ਜੇ ਤੁਹਾਡਾ ਭਾਰ ਵਧ ਜਾਵੇ ਤਾਂ ਸਹੀ ਕਸਰਤ ਅਤੇ ਸਹੀ ਭੋਜਨ ਰਾਹੀਂ ਇਸ ਨੂੰ ਠੀਕ ਕਰੋ। ਪੁਰਾਣੀ ਕਹਾਵਤ, “ਉੱਠਿਆ ਨਾ ਜਾਵੇ ਤੇ ਫ਼ਿੱਟੇ ਮੂੰਹ ਗੋਡਿਆਂ ਦਾ”, ਵਿੱਚ ਗੋਡਿਆਂ ਨੂੰ ਹੀ ਕਸੂਰਵਾਰ ਠਹਿਰਾਇਆ ਗਿਆ ਹੈ ਪਰ ਅਸਲ ਵਿੱਚ ਕਸੂਰ ਗੋਡਿਆਂ ਦਾ ਨਹੀਂ ਹੁੰਦਾ।

ਲੂਣ ਦੇ ਇਸਤੇਮਾਲ ਉੱਤੇ ਕਾਬੂ ਰੱਖੋ। ਮਿੱਠੇ ਦਾ ਸੇਵਨ ਘਟਾਉਣਾ ਵੀ ਫ਼ਾਇਦੇਮੰਦ ਹੈ। ਐਂਟੀ-ਆਕਸੀਡੈਂਟ ਯੁਕਤ ਕੁਦਰਤੀ ਭੋਜਨ, ਹਰੀਆਂ ਸਬਜ਼ੀਆਂ, ਗਾਜਰਾਂ, ਤਰਾਂ, ਖੀਰਾ, ਗੂੜ੍ਹੇ ਰੰਗਾਂ ਵਾਲੇ ਫਲ, ਜਾਮਣ, ਚੈਰੀ ਆਦਿ, ਭੁੱਜੇ ਦਾਣੇ ਅਤੇ ਛੱਲੀਆਂ, ਸਿਹਤਮੰਦ ਚਰਬੀ ਵਾਲੇ ਭੋਜਨ, ਜਿਵੇਂ ਮੱਛੀ, ਮੂੰਗਫ਼ਲੀ ਅਤੇ ਵੜੇਵਿਆਂ ਦਾ ਤੇਲ ਆਦਿ।

**ਹੋਮਿਓਪੈਥਿਕ ਇਲਾਜ :** ਪ੍ਰਚਲਤ ਇਲਾਜ ਪ੍ਰਣਾਲੀ ਵਾਂਗ ਹੋਮਿਓਪੈਥੀ ਵਿੱਚ ਵੀ ਗੋਡਿਆਂ ਦੀਆਂ ਦਰਦਾਂ ਲਈ ਕਾਰਗਰ ਦਵਾਈਆਂ ਉਪਲਬਧ ਹਨ। ਕੁਝ ਦਵਾਈਆਂ ਜਿਵੇਂ ਬ੍ਰਾਈਓਨਿਆ, ਰੂਟਾ, ਰਸਟੌਕਸ, ਲੀਡਮ-ਪਾਲ, ਲਾਈਕੋਪੋਡੀਅਮ ਆਦਿ ਦਾ ਇਸਤੇਮਾਲ ਲੱਛਣਾਂ ਅਨੁਸਾਰ ਕੀਤਾ ਜਾ ਸਕਦਾ ਹੈ। ਪਰ, ਉਪਰੋਕਤ ਦਿੱਤੀ ਕਿਸੇ ਵੀ ਦਵਾਈ ਦਾ ਇਹ ਮਤਲਬ ਨਹੀਂ ਹੈ ਕਿ ਇਨ੍ਹਾਂ ਨੂੰ ਆਪਣੇ ਆਪ ਹੀ ਲੈ ਲਿਆ ਜਾਵੇ। ਕਿਸੇ ਪ੍ਰੋਫ਼ੈਸ਼ਨਲ ਹੋਮਿਓਪੈਥਿਕ ਡਾਕਟਰ ਦੀ ਮਦਦ ਨਾਲ ਹੀ ਸਹੀ ਹੋਮਿਓਪੈਥਿਕ ਦਵਾਈ ਦੀ ਵਰਤੋਂ ਕਰਨੀ ਚਾਹੀਦੀ ਹੈ।

ਹੋਮਿਓਪੈਥ ਆਰ.ਐੱਸ.ਸੈਣੀ ਆਪਣੀ ਕਲੀਨਿਕ ਵਿਖੇ ਅਜਿਹੀਆਂ ਸਮੱਸਿਆਵਾਂ ਨੂੰ ਗਹਿਰਾਈ ਨਾਲ ਸਮਝ ਕੇ ਅਤੇ ਢੁਕਵਾਂ ਵਿਸ਼ਲੇਸ਼ਣ ਕਰਨ ਉਪਰੰਤ ਸਹੀ ਹੋਮਿਓਪੈਥਿਕ ਦਵਾਈ ਦੀ ਚੋਣ ਕਰਦੇ ਹਨ। ਉਹ 1974 ਤੋਂ ਹੋਮਿਓਪੈਥੀ ਦੀ ਐਕਟਿਵ ਪ੍ਰੈਕਟਿਸ ਕਰਦੇ ਆ ਰਹੇ ਹਨ।




ਡਾ. ਸ਼ਵੇਤਾ
MBBS, MD & DHMS (ONT.)
Abbotsford
(604) 304-2236

ਡਾ. ਆਰ.ਐੱਸ. ਸੈਣੀ
(ਹੋਮਿਓਪੈਥ)
Surrey
(604) 502-9579




ਨਸ਼ਿਆਂ ਤੋਂ ਛੁਟਕਾਰਾ ਪਾਓ

night & day
recovery

ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।




*Night and Day Recovery Centre*

Surrey's Choice Rehabilitation Centre

C: 778-855-3172, F: 778-395-4113

14688-106 Ave. Surrey BC

info@nightanddayrecovery.ca www.nightanddayrecovery.ca






ਵੈਨਕੂਵਰ ਦਾ ਸਭ ਤੋਂ ਪਹਿਲਾ ਪੰਜਾਬੀਆਂ ਦਾ ਜਿਊਲਰੀ ਸਟੋਰ

ਹਾਈ ਕਲਾਸ ਜਿਊਲਰ

ਜਲੰਧਰ ਵਾਲੇ

☆ CUSTOM MADE DIAMOND JEWELLERY OF:
☆ 10K, 14K,
☆ WHITE GOLD &
☆ PLATINUM.

Repairing, Polishing & Appraisals

Step-in and see our exclusive collections of Singapore, India, Pakistan and Custom-made 22K Jewellery

OFFICIAL AGENTS OF RADO WATCHES

ਗਹਿਣਿਆਂ ਦੀ ਦੁਨੀਆਂ ਵਿੱਚ ਮਸ਼ਹੂਰ ਨਾਮ ਜਿੱਥੋਂ ਤੁਸੀਂ ਮਨਪਸੰਦ ਜਿਊਲਰੀ ਖਰੀਦ ਸਕਦੇ ਹੋ

6570 - Main St., (Between 49th & 50th) Vancouver BC

Ph: 604-327-3132

FAX: 604-327-0335

# ਕਵਿਤਾਵਾਂ

## ਵਫ਼ਾਦਾਰ ਹਾਂ ਮਾਂ ਬੋਲੀ ਦਾ

ਵਫਾਦਾਰ ਹਾਂ ਮਾਂ ਬੋਲੀ ਦਾ, ਗ਼ਦਾਰ ਨਹੀਂ,
ਇਸ ਨੂੰ ਪਿੱਠ ਦਿਖਾਣਾ, ਮੈਨੂੰ ਦਰਕਾਰ ਨਹੀਂ।

ਸਦਾ ਇਸੇ ਦਾ ਖੱਟਿਆ ਖਾਧਾ ਹੈ, ਦਿਨੇ ਰਾਤੀਂ,
ਕਿਉਂ ਮੈਂ ਨਮਕ ਹਰਾਮ ਕਰਾਂ, ਨਹੀਂ ਯਾਰ ਨਹੀਂ!

ਲੜਨਾ ਮਨਜ਼ੂਰ ਹੈ ਮੈਨੂੰ, ਨੰਗੇ ਧੜ ਹਰ ਵੇਲੇ,
ਸਹਿਣਾ ਕਿਸੇ ਵੀ ਸਕਤੇ ਦਾ, ਕੋਈ ਵਾਰ ਨਹੀ।

ਕਈ ਦੇਖੇ ਪੁੱਤ ਕਪੁੱਤ ਬਣਦੇ, ਮਾਂ ਬੋਲੀ ਦੇ,
ਐਸੇ ਲੋਕਾਂ ਨਾਲ ਮੇਰਾ, ਕੋਈ ਸਰੋਕਾਰ ਨਹੀਂ।

ਆਪਣੀ ਛੱਡ ਦੂਜੀ ਵੱਲ, ਧਾਣਾ ਨਹੀਂ ਫੱਬਦਾ,
ਇੰਝ ਆਪਣੀ ਬੋਲੀ ਦਾ, ਹੋਣਾ ਪਰਸਾਰ ਨਹੀਂ।

ਜੰਦਰਾ ਮਾਰ ਜੋ ਤੁਰ ਜਾਂਦੇ ਨੇ, ਘਰ ਛੱਡ ਕੇ,
ਉਨ੍ਹਾਂ ਲਈ ਕਦੀ ਖੁੱਲ੍ਹਦਾ, ਮੁੜ ਉਹ ਦੁਆਰ ਨਹੀਂ।

ਪੈਰ ਪੈਰ 'ਤੇ ਪਹਿਰਾ, ਦੇਣਾ ਪੈਂਦਾ ਹੈ,
ਲੁੱਟਿਆ ਉਹੀ ਜਾਂਦਾ ਜੋ, ਖ਼ਬਰਦਾਰ ਨਹੀਂ।

ਪੱਥਰ ਚੱਟ ਕੇ ਮੱਛੀ, ਕਦੀ ਤਾਂ ਮੁੜ ਆਉਂਦੀ,
ਵਿਸਾਰਨ ਵਿਰਸਾ ਉਹੀ, ਜਿਨ੍ਹਾਂ ਨੂੰ ਪਿਆਰ ਨਹੀਂ।

ਵਫ਼ਾਦਾਰਾਂ ਨੂੰ ਤਾਂ ਮਾਂ, ਗਲ਼ ਨਾਲ ਲਾ ਲੈਂਦੀ,
ਅਕ੍ਰਿਤਘਣਾਂ ਦਾ ਧਰਤੀ ਵੀ,
ਝੱਲਦੀ ਭਾਰ ਨਹੀ।



ਵਫ਼ਾਦਾਰ ਹਾਂ ਮਾਂ ਬੋਲੀ ਦਾ,
ਗ਼ਦਾਰ ਨਹੀਂ,
ਇਸ ਨੂੰ ਪਿੱਠ ਦਿਖਾਣਾ,
ਮੈਨੂੰ ਦਰਕਾਰ ਨਹੀਂ।

**ਰਵਿੰਦਰ ਸਿੰਘ ਕੁੰਦਰਾ**
**ਕਵੈਂਟਰੀ ਯੂ ਕੇ**

## ਮਾਂ ਬੋਲੀ

ਸਮਝੋ ਆਪੇ ਆਪਣੇ ਆਪ ਨੂੰ ਮਾਰ ਦਿੱਤਾ
ਮਾਂ ਬੋਲੀ ਨੂੰ ਜਿਸ ਨੇ ਦਿਲੋਂ ਵਿਸਾਰ ਦਿੱਤਾ

ਜਿਸ ਬੋਲੀ ਵਿੱਚ ਮਾਂ ਤੋਂ ਸੁਣੀਆਂ ਲੋਰੀਆਂ ਨੇ
ਪੀੜ੍ਹੀ ਦਰ ਪੀੜ੍ਹੀ ਜੋ ਮਾਵਾਂ ਅੱਗੇ ਤੋਰੀਆਂ ਨੇ

ਭੈਣਾਂ ਦੀਆਂ ਘੋੜੀਆਂ ਨੇ ਹੈ ਸ਼ਿੰਗਾਰ ਦਿੱਤਾ
ਮਾਂ ਬੋਲੀ ਨੂੰ ਜਿਸ ਨੇ............

ਮਾਂ ਸ਼ਬਦ ਤੋਂ ਸ਼ੁਰੂ ਕਰ,ਜੱਗ ‘ਨਾ ਸਾਂਝ ਪਵਾਈ ਏ
ਦਿਲ ਦੇ ਭਾਵ ਪ੍ਰਗਟਾਉਣ ਦੀ ਸੂਝ ਵੀ ਸਿਖਾਈ ਏ

ਓਸੇ ਮਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ
ਮਾਂ ਬੋਲੀ ਨੂੰ ਜਿਸ ਨੇ...............

ਸਭ ਰਿਸ਼ਤਿਆਂ ਦੇ ਵਿੱਚੋਂ ਮਾਂ ਦਾ ਉੱਤਮ ਦਰਜਾ ਏ
ਹਰ ਇਨਸਾਨ ਦੇ ਉੱਪਰ ਹੀ ਤਿੰਨ ਮਾਵਾਂ ਦਾ ਕਰਜ਼ਾ ਏ

ਸਲੱਗ ਪੁੱਤ ਉਹ ਮਾਂ ਦਾ ਜੀਹਨੇ ਕਰਜ਼ ਉਤਾਰ ਦਿੱਤਾ
ਮਾਂ ਬੋਲੀ ਨੂੰ ਜਿਸ ਨੇ...............

ਮਾਂ ਬੋਲੀ ਦਾ ਮਾਣ ਵਧਾਇਆ ਗੁਰੂਆਂ ਨੇ
ਗ੍ਰੰਥ ਸਾਹਿਬ ਦੇ ਵਿੱਚ ਸਜਾਇਆ ਗੁਰੂਆਂ ਨੇ

ਗੁਰੂ ਦਾ ਦਰਜ਼ਾ ਦੇ ਕੇ ਸ਼ਬਦ ਨੂੰ ਸਤਿਕਾਰ ਦਿੱਤਾ
ਮਾਂ ਬੋਲੀ ਨੂੰ ਜਿਸ ਨੇ..................

ਭਲੂਰੀਆ ਆਪਾਂ ਆਪਣਾ ਫਰਜ਼ ਨਿਭਾ ਲਈਏ
ਜਿੰਨਾ ਪੈਂਦੈ ਤਿਲ-ਫੁੱਲ ਹਿੱਸਾ ਪਾ ਲਈਏ

ਸਾਡੀ ਮਾਂ ਵਿਰਾਸਤ ਵਿੱਚ ਸ਼ਬਦਾਂ ਦਾ ਭੰਡਾਰ ਦਿੱਤਾ
ਮਾਂ ਬੋਲੀ ਨੂੰ ਜਿਸ ਨੇ..................

**ਜਸਵੀਰ ਸਿੰਘ ਭਲੂਰੀਆ**
**ਸਰੀ, ਕੈਨੇਡਾ**
+92-9915995505

## ਸੱਤ ਸੁਰਾਂ ਦਾ ਗੀਤ

ਸਾ-ਸੁਰ ਤੇ ਜਦ ਉਂਗਲ ਟਿਕਾਈਏ।
ਸਤਿਨਾਮ ਸ੍ਰੀ ਵਾਹਿਗੁਰੂ ਧਿਆਈਏ।
ਰੇ-ਸੁਰ ਨਾਲ ਜਦ ਸੁਰ ਮਿਲ ਜਾਵੇ।
ਰਾਮ ਨਾਮ ਦਾ ਜਸ ਮਨ ਗਾਵੇ।
ਗਾ-ਸੁਰ ਉੱਤੇ ਜਦੋਂ ਵੀ ਗਾਉਣਾ।
ਗਾਕੇ ਗੁਰੂ ਦਾ ਸ਼ੁਕਰ ਮਨਾਉਣਾ।
ਮਾਂ-ਸੁਰ ਸਰਧਾ ਨਾਲ ਲਗਾਇਉ।
ਮਾਂ ਦੇ ਚਰਨੀ ਸੀਸ ਨਿਵਾਇਉ।
ਪਾ-ਸੁਰ ਤੇ ਜਦ ਗਾਵਣ ਲੱਗੇ।
ਪਰਮੇਸੁਰ ਚੇਤੇ ਆਵਣ ਲੱਗੇ।
ਧਾ-ਸੁਰ ਸੰਭਲ ਸੰਭਲ ਕੇ ਲਾਉਣੀ।
ਧੁਰ ਕੀ ਬਾਣੀ ਮੁੱਖ ਚੋਂ ਗਾਉਣੀ।
ਨੀ-ਸੁਰ ਉੱਚੀ ਸੁਰ ਵਿੱਚ ਗਾਇਉ।
ਮੇਹਨਤ ਕਰਕੇ ਨਾਮ ਕਮਾਇਉ।
ਸੱਤ ਸੁਰਾਂ ਚੋਂ ਨਿਕਲਣ ਰਾਗ
ਸੁਰ ਨਾਲ ਸੁਰ ਹੋ ਜਾਗਣ ਭਾਗ
ਸੁਰ ਨਾਲ ਤਾਲ ਮਿਲਾਕੇ ਰੱਖਣਾ।
ਮਨ ਤਨ ਸੁਰ ਵਿੱਚ ਲਾਕੇ ਰੱਖਣਾ।
ਵਜੀਰ ਸਿੰਘ ਤਇਆ ਜੀ ਤੋਂ ਸਿੱਖ ਸੰਗੀਤ।
ਸ਼ਬਦ ਗਾਉਂਦਾ ਅੱਜ ਗਿੱਲ ਮਲਕੀਤ।

**ਮਲਕੀਤ ਸਿੰਘ ਗਿੱਲ (ਭੱਠਲਾਂ)**
**ਸੰਪਰਕ:** 7986528225
9417490943


GARCHA Plumbing Heating & Repair Ltd.




ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲੰਬਿੰਗ
* Hot Water Tank Replacement
* Boiler & Furnace Repair
* Drain Cleaning
* Certified Plumber
ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ
Amarjit Singh Garcha
604-306-3276
Big Or Small, We Do It All




SINGH THIND & ASSOCIATES
#208, 7110 120 Street, Surrey, BC
“ਆਪਣੇ ਭਾਈਚਾਰੇ ਦਾ ਮਾਣ”
*ਕ੍ਰਿਮੀਨਲ ਲਾਅ
*ਸਿਵਲ ਲਾਅ
*ਇੰਮੀਗਰੇਸ਼ਨ
*ਤਲਾਕ

Civil Litigation
*Contract Disputes
*Construction Disputes
*Debt Collection
*Business Disputes
*Builders Lien

Divorce Cases

Criminal Law
*Homicide and Attempted Homecide
*Extradition Matters
*Drug Offences
*Assaults *Sexual Assaults
*Drinking & Driving Offenses
*Theft & Robery
*Offenses related to prostitution

Immigration Law
*Immigration Appeals
*Overseas sponserships of spouses, dependant children and parents
*Inland sponserships of spouses, dependent children and parents
*Provincial Nominee Programs (PNP)
*Skilled Worker Category
*Self-Employed
*Investor and Enterpreneur Immigration
*Work Permits




604.543.3886
SINGH THIND & ASSOCIATES
BARRISTERS & SOLICITORS

# FRASERVIEW MEATS

*The Name of Guaranteed Quality Meats*





*Number One Quality Meat in Lower Mainland*

We also sell cooked chicken
We take orders for all occassion

Serving You Since 1993

Try our Special Chicken Tikkar



Jagir S. Nagra

**604-592-2900**

#102-12047-80th Ave. Surrey (Besides Mega Fruticana)
www.fraserviewmeats.com



# Rai Express Lines Ltd.



# Hiring

Team Owner Operators

- All miles paid
- Year round work
- Criminal record check
- Flexible time off
- On site maintenance/wash facility
- Family atmosphere
- Direct deposit



Karnail Singh Rai
President

**Call today 604-503-6900**

Email-kal@raiexpresslines.com www. raiexpressline.com

Unit 125-7475 135th Street, BC V3W 0M8




ਕੇਟਰਿੰਗ ਦੀ ਦੁਨੀਆ ਵਿਚ ਮੰਨਿਆ ਪ੍ਰਮੰਨਿਆ ਨਾਮ

# ਸ਼ਾਹੀ ਕੇਟਰਿੰਗ ਸਵੀਟਸ & ਬੈਂਕੁਇਟ ਹਾਲ

ਹਰ ਪ੍ਰਕਾਰ ਦੀ ਤਾਜਾ ਸਵਾਦਲੀ ਮਠਿਆਈ ਵਧੀਆ ਰੇਟ ਤੇ ਖਰੀਦੋ

ਅਸੀਂ ਈਟਾਲੀਅਨ, ਗਰੀਕ ਅਤੇ ਜਰਮਨ ਡਿਸ਼ਿਜ ਵੀ ਤਿਆਰ ਕਰਦੇ ਹਾਂ

ਬੈਂਕੁਇਟ ਹਾਲ
150 ਸੀਟਾਂ ਵਾਲਾ

ਘਰ ਆ ਕੇ ਤੰਦੂਰ ਲਾ ਕੇ ਬਾਰਬੀਕਿਯੂ ਅਤੇ ਕੇਟਰਿੰਗ ਵੀ ਕਰਦੇ ਹਾਂ




50 ਤੋਂ ਲੈ ਕੇ 1000 ਬੰਦਿਆਂ ਤੱਕ ਦੀ ਪਾਰਟੀ ਦੀ ਕੇਟਰਿੰਗ ਕਰਦੇ ਹਾਂ

ਗੁਰਦੁਆਰਾ ਸਾਹਿਬ ਲਈ ਸਪੈਸ਼ਲ ਰੇਟ



ਕੁਲਵਿੰਦਰ ਸਿੰਘ ਪੂਨੀ

12815, 85 Ave Surrey BC. | www.shahicaterers.ca | Email: kspooni95@hotmail.de

**778-928-4522, 778-565-4141, 778-565-3232**


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
Special Sale 3 PCS Set $1150
2 PCS SOFA & LOVE SEAT $1550
2 PCS SOFA & LOVE SEAT $1550
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ

JUSTIN TRUDEAU DECRIMINALIZED CRACK, HEROIN & COCAINE.

Common Sense Conservatives will fight to keep hard drugs off our streets and fund treatment to bring our loved ones home drug-free.

ਕਾਮਨ ਸੈਂਸ ਕੰਜ਼ਰਵੇਟਿਵ
ਸਾਡੀਆਂ ਸੜਕਾਂ ਤੋਂ ਨਸ਼ਿਆਂ ਨੂੰ ਦੂਰ ਰੱਖਣ ਲਈ ਲੜਨਗੇ
ਅਤੇ ਸਾਡੇ ਆਪਣੇ-ਅਜ਼ੀਜ਼ਾਂ ਨੂੰ ਨਸ਼ਾ-ਮੁਕਤ ਕਰਾ
ਘਰ ਵਾਪਿਸ ਲਿਆਉਣ ਲਈ ਅਤੇ
ਇਲਾਜ ਲਈ ਫੰਡ ਕਰਨਗੇ।

ਜਸਟਿਨ ਟਰੂਡੋ ਨੇ
ਨਸ਼ਿਆਂ ਨੂੰ
ਗੈਰ-ਅਪਰਾਧਿਕ ਕਰਾਰ
ਦਿੱਤਾ ਹੋਇਆ ਹੈ। ਕ੍ਰੈਕ,
ਹੈਰੋਇਨ ਅਤੇ ਕੋਕੀਨ



JASRAJ SINGH HALLAN MP
CALGARY FOREST LAWN

PIERRE POILIEVRE
LEADER OF THE OFFICIAL OPPOSITION

JASRAJSINGH.HALLAN@PARL.GC.CA • JASRAJMP.CA • 403-207-3030